ਜਾਪਾਨੀ ਹਾਇਕੂ ਸ਼ਾਇਰੀ

ਅਨੁਵਾਦ ਅਤੇ ਸੰਪਾਦਨ
ਪਰਮਿੰਦਰ ਸੋਢੀ

ਪ੍ਰਕਾਸ਼ਕ
ਏਸ਼ੀਆ ਵਿਜ਼ਨ

JAPANI HAIKU SHAIRE

Parminder sodhi
Palacio-503, 4-1-1
Tsukamoto, YODOGAWA-KU,
OSAKA 532-0026, JAPAN
Ph. 0081-905 966 8670
sodhiparminder@gmail.com
www.punjabipoetry.net

ISBN-81-7143-298-0
ਪ੍ਰਕਾਸ਼ਨ ਵਰ੍ਹਾ: 2013
ਸਰਵਰਕ: ਡੇਜ਼ੀ ਜਸਦੀਪ
ਮੁੱਲ: 60/- ਰੁਪਏ

ਇਸੇ ਕਲਮ ਤੋਂ:

ਉਤਸਵ	(ਕਹਾਣੀ ਸੰਗ੍ਰਹਿ)	1990
ਆਧੁਨਿਕ ਜਾਪਾਨੀ ਕਹਾਣੀਆਂ	(ਅਨੁਵਾਦ)	1993
ਸਚਾਈਆਂ ਦੇ ਆਰ ਪਾਰ	(ਅਨੁਵਾਦ)	1993
ਚੀਨੀ ਦਰਸ਼ਨ: ਤਾਓਵਾਦ	(ਫ਼ਲਸਫ਼ਾ)	1997
ਤੇਰੇ ਜਾਣ ਤੋਂ ਬਾਦ	(ਕਹਾਣੀ ਸੰਗ੍ਰਹਿ)	2000
ਜਾਪਾਨੀ ਹਾਇਕੂ ਸ਼ਾਇਰੀ		(2000, 2006)
ਇਕ ਚਿੜੀ ਤੇ ਮਹਾਂਨਗਰ	(ਕਾਵਿ ਸੰਗ੍ਰਹਿ)	2002
ਧੱਮਪਦ	(ਅਨੁਵਾਦ)	2003, 05, 2013
पड्डो की महायात्रा	(हिंदी काव्य अनुवाद)	2003
ਗੀਤਾ	(ਅਨੁਵਾਦ)	2004
ਰੱਬ ਦੇ ਡਾਕੀਏ	(ਵਾਰਤਕ)	2005, 2007, 2013
ਅਜੋਕੀ ਜਪਾਨੀ ਕਵਿਤਾ	(ਅਨੁਵਾਦ)	2007
ਸੰਸਾਰ ਪ੍ਰਸਿੱਧ ਮੁਹਾਵਰੇ		2007, 2008, 2011
ਸਾਂਝੇ ਸਾਹ ਲੈਂਦਿਆਂ	(ਕਵਿਤਾ)	2008
ਝੀਲ ਵਾਂਗ ਰੁਕੋ	(ਕਾਵਿ ਸੰਗ੍ਰਹਿ)	2009
ਪੱਤੇ ਦੀ ਮਹਾਂਯਾਤਰਾ	(ਕਾਵਿ ਸੰਗ੍ਰਹਿ)	2010
ਪਲ ਛਿਣ ਜੀਣਾ	(ਕਾਵਿ ਸੰਗ੍ਰਹਿ)	2013
ਕੁਦਰਤ ਦੇ ਡਾਕੀਏ	(ਵਾਰਤਕ)	2013

ਜਾਪਾਨੀ ਹਾਇਕੂ ਸ਼ਾਇਰੀ

ਤਤਕਰਾ

ਅੱਖਰਾਂ ਦੀ ਰਾਸ-ਲੀਲਾ	4
ਹਾਇਕੂ : ਤਿਤਲੀਆਂ ਦੇ ਹਮਸਫ਼ਰ	12
ਹਾਇਕੂ:ਮੁੱਢਲੀ ਜਾਣ ਪਛਾਣ	22
ਹਾਇਕੂ:ਜਾਪਾਨੀ ਬੁੱਧਤਵ (ਜ਼ੇਨ)ਦੇ ਅਕਸ	29
ਹਾਇਕੂ:ਲਿਖਣ ਬਾਰੇ	40
ਮਾਤਸੂਓ ਬਾਸ਼ੋ (1644-1694)	41
ਯੋਸਾ ਬੂਸੋਨ(1716-1783)	52
ਸਾਨਤੋਕਾ ਤਾਨੇਦਾ(1882-1940)	60
ਸਾਨਤੋਕਾ ਤਾਨੇਦਾ	67
ਨਾਤਸੁਮੇ ਸੋਸੇਕੀ (1867-1916)	74
ਚੀਯੋ-ਨੀ (1703-1775)	77
ਕੋਬਾਯਾਸ਼ੀ ਇੱਸਾ(1763-1827)	80
ਰਯੋਕਾਨ (1758-1831) 94	
ਸ਼ੀਕੀ ਮਾਸਾਓਕਾ(1867-1902)	96
ਓਜ਼ਾਕੀ ਹੋਸਾਈ(1885-1926)	98
ਹੋਰ ਹਾਇਕੂ ਕਵੀ	104

ਅੱਖਰਾਂ ਦੀ ਰਾਸ-ਲੀਲਾ

ਸਿਆਲ ਦੀ ਰਾਤ ਭਾਵੇਂ ਟੁੱਟ-ਟੁੱਟ ਕੇ ਲੰਘਦੀ ਹੈ, ਕਦੇ ਹੱਡ ਸਕੇਦਿਆਂ, ਕਦੇ ਦਵਾਈਆਂ ਖਾਂਦਿਆਂ ਤੇ ਮਲਦਿਆਂ, ਪਰ ਸਵੇਰ ਦੀ ਚਾਹ ਪੀ ਕੇ, ਮੈਂ ਤੇ ਇਮਰੋਜ਼ ਰਸੋਈ ਵਿਚ ਜ਼ਰੂਰ ਜਾਂਦੇ ਹਾਂ, ਹੱਸਦੇ ਹਾਂ- ਅੱਜ ਦਾ ਦਿਨ ਅਸੀ ਜਿਊਂਦੇ ਹਾਂ, ਇਕੱਠੇ ਹਾਂ ਤੇ ਸ਼ਾਹ ਹੁਸੈਨ ਜਾਂ ਸੁਲਤਾਨ ਬਾਹੂ ਦੇ ਕਲਾਮ ਦਾ ਕੈਸੇਟ ਲਾ ਕੇ, ਅਸੀ ਦੋਵੇਂ ਰਲ ਕੇ ਸਾਰੇ ਘਰ ਲਈ, ਦੁਪਿਹਰ ਦੀ ਰੋਟੀ ਵਾਸਤੇ, ਤਿੰਨ ਹਾਂਡੀਆਂ ਜ਼ਰੂਰ ਪਕਾ ਲੈਂਦੇ ਹਾਂ।

ਇਮਰੋਜ਼ ਬਾਥੂ ਦਾ ਸਾਗ ਚੀਰ ਰਹੇ ਸਨ, ਮੈਂ ਕੜਾਹੀ ਵਿਚ ਪਿਆਗ਼ ਭੁੰਨਦੀ ਪਈ ਸਾਂ ਤੇ ਚੌਕੇ ਵਿਚ ਇਕ ਭਰਵੀਂ ਆਵਾਜ਼ ਗੂੰਜ ਰਹੀ ਸੀ-

ਸੱਸੀ ਨੂੰ ਸਮਝਾਵਣ ਸਈਆਂ-
ਨੀ ਤੂੰ ਹੋਤ ਨੂੰ ਯਾਰ ਬਣਾਇਆ
ਹਸ਼ਰ ਦਿਹਾੜਾ ਤੈਨੂੰ ਯਾਦ ਨਾ ਸੱਸੀਏ
ਨੀ ਤੂੰ ਕਾਬਾ ਕੇਚ ਬਣਾਇਆ...

ਤੇ ਅੱਗੋਂ ਸੱਸੀ ਜਵਾਬ ਦੇਂਦੀ ਹੈ-
ਕੇਚ ਥੀਂ ਮੈਂਨੂੰ ਹਟਕ ਨਾ ਭੈਣੇ
ਮੇਰਾ ਕਾਦਰ ਜੋੜ ਬਣਾਇਆ...

ਤੇ ਮੈਂਨੂੰ ਹਾਸਾ ਛਿੜ ਪਿਆ- ਇਹ ਕਾਦਰ ਕੀ ਕਰਦਾ ਏ? ਜੋੜ ਤਾਂ ਬਣਾ ਦੇਂਦਾ ਹੈ ਪਰ ਰਾਹ ਬਣਾਂਦਾ ਹੀ ਨਹੀਂ...

ਇਮਰੋਜ਼ ਪਨੀਰ ਦਾ ਪਾਣੀ ਨਿਚੋੜ ਕੇ ਕਹਿਣ ਲੱਗੇ- ਹੁਣ ਰਾਹ ਤਾਂ ਬੰਦਾ ਆਪਣੇ ਬਣਾਏ ਨਾ। ਕਾਦਰ ਕਹਿੰਦਾ ਏ- ਵੇ ਬੰਦਿਆ, ਤੂੰ ਵੀ ਕੁਛ ਕਰ। ਤੂੰ ਸਭ ਕੁਝ ਕੀਤਾ -ਕਰਾਇਆ ਨਾ ਲੱਭਿਆ ਕਰ।

ਤੇ ਇਮਰੋਜ਼ ਕਹਿਣ ਲੱਗੇ - ਰੱਬ ਨੇ ਨਦੀਆਂ-ਬਣਾਏ, ਪਰ ਤਰਨਾ ਤਾਂ ਬੰਦੇ ਨੇ ਆਪੇ ਹੁੰਦਾ ਏ...

ਤੇ ਅਸਾਂ ਰਲ-ਮਿਲ ਕੇ ਜੋ ਹਾਂਡੀਆਂ ਪਕਾਈਆਂ ਸਨ, ਉਨ੍ਹਾਂ ਦਾ ਲੂਣ ਚੱਖਦੇ ਰਹੇ। ਫੇਰ ਨਾਸ਼ਤਾ ਬਣਾਇਆ, ਖਾਧਾ ਤੇ ਏਨੇ ਵਿਚ ਕਿਸੇ ਦੇ ਹੱਥ ਆਈ ਪਰਮਿੰਦਰ ਸੋਢੀ ਦੀ ਕਿਤਾਬ ਮਿਲੀ, ਜਪਾਨੀ ਹਾਇਕੂ...

ਕਿਤਾਬਾਂ ਤਾਂ ਬਹੁੱਤ ਔਂਦੀਆਂ ਹਨ, ਹਰ ਡਾਕ ਵਿਚ 'ਨਾਗਮਣੀ' ਵਾਸਤੇ ਨਜ਼ਮਾਂ ਵੀ, ਪਰ ਕੋਈ ਮਸਾਂ ਨਜ਼ਮ ਹੁੰਦੀ ਜੋ ਮੈਨੂੰ ਫੜ੍ਹ ਕੇ ਬਹਿ ਜਾਂਦੀ ਹੈ। ਕਿਤਾਬ ਵੀ ਮਸਾਂ ਕੋਈ, ਉਹ ਜੋ ਇਕ ਵਾਰੀ ਪੱਤਰੇ ਪੱਲਟਣ ਤੋਂ ਪਿੱਛੋਂ, ਉਂਝ ਹੀ ਕਿਧਰੇ ਰੱਖ ਦੇਣ ਵਾਲੀ ਨਹੀਂ ਹੁੰਦੀ, ਉਹਦੇ ਅੱਖਰ ਦਿਲ ਨੂੰ ਵਲੇਵਾਂ ਪਾਣ ਵਾਲੇ ਹੁੰਦੇ ਹਨ...

ਓਸ਼ੋ ਦੇ ਲਫ਼ਜ਼ ਹਨ- ਸ਼ਾਇਰ ਉਹ ਹੰਦਾ ਹੈ, ਜਿਹਦਾ ਕਲਾਮ ਸਰੀਰ ਦੇ ਅੰਨਮਈ ਕੋਸ਼ ਨੂੰ ਲੰਘ ਕੇ ਪ੍ਰਾਣਮਈ ਕੋਸ਼ ਨੂੰ ਛੋਹ ਲਵੇ, ਤੇ ਤੁਸੀਂ ਤਰੰਗਿਤ ਹੋ ਜਾਓ।

ਇਹੋ ਜਿਹਾ ਕਲਾਮ ਜ਼ਹੇ-ਨਸੀਬ!

ਖ਼ੈਰ! ਪਰਮਿੰਦਰ ਦੀ ਕਿਤਾਬ ਖੋਲ੍ਹੀ, ਹੋਲੀ-ਹੋਲੀ ਕਈ ਨਜ਼ਮਾਂ ਵਿਚੋਂ ਲੰਘੀ, ਤੇ ਫੇਰ ਜੋ ਕੁਝ ਮੇਰੇ ਕੋਲੋਂ ਆਪੇ ਹੀ ਲਿਖਿਆ ਗਿਆ- ਉਹਦਾ ਨਾਂ ਹੈ- ਕਤਰਿਆ ਦੀ ਲੀਲ੍ਹਾ...

ਪਰਮਿੰਦਰ ਸੋਢੀ ਨੇ ਪੰਜਾਬ ਵਿਚ ਜੰਮ-ਪਲ ਕੇ ਇਕ ਜਪਾਨੀ ਕੁੜੀ ਨਾਲ ਇਸ਼ਕ ਕਰ ਲਿਆ, ਤੇ ਉਹਦੇ ਪੈਰ ਊਹਨੂੰ ਜਪਾਨ ਲੈ ਗਏ। ਉਹ ਚਵ੍ਹੀਆਂ ਵਰ੍ਹਿਆਂ ਦੀ ਭਰ-ਜਵਾਨ ਉਮਰ ਵਿਚ ਜਪਾਨ ਗਿਆ ਸੀ ਤੇ ਅੱਜ ਤੱਕ ਉਥੇ ਹੈ। ਕਿਸੇ ਜਪਾਨੀ ਸੁੰਦਰੀ ਨੇ ਉਹਦਾ ਘਰ ਵਸਾਇਆ ਹੈ, ਉਹਦੇ ਵਿਹੜੇ ਵਿਚ ਖੇਡਣ ਲਈ ਬੱਚੇ ਦਿੱਤੇ ਹਨ ਤੇ ਉਹਦਾ ਇਸ਼ਕ, ਦੁਨੀਆਂ ਦੀ ਸਰਦਲ ਲੰਘ ਕੇ ਰੂਹਾਨੀ ਡੂੰਘਾਈਆਂ ਵਿਚ ਉਤਰ ਗਿਆ ਹੈ। ਬੁੱਧਤਵ ਦੀਆਂ ਡੂੰਘਾਈਆਂ ਵਿਚ ਤਾਓਵਾਦ ਨੇ ਵੀ ਉਸ ਨੂੰ ਮੋਹ ਲਿਆ। ਇਹ ਕਿਤਾਬ 'ਹਾਇਕੂ' ਅੰਬਰੋਂ ਵਸਦੇ ਕਤਰਿਆ ਨਾਲ ਮਨ ਦੇ ਪਤਾਲ ਵਿਚ ਜੋ ਲੀਲ੍ਹਾ ਰਚਾਂਦੇ ਹਨ ਤੇ ਜਦੋਂ ਉਹ ਲੀਲ੍ਹਾ ਅੱਖਰਾਂ ਵਿਚ ਉਤਰਦੀ ਹੈ ਤਾਂ 'ਹਾਈਕੂ' ਅਖਵਾਂਦੀ ਹੈ।

ਪੰਜਾਬ ਦੀ ਸਤਰੀ ਬੋਲੀ ਹੈ-

‘ਘੁੰਡ ਕੱਢ ਲੈ ਪੱਤਣ ‘ਤੇ ਖੜੀਏ। ਪਾਣੀਆਂ ਨੂੰ ਅੱਗ ਲੱਗ ਜੂ...’ ਇਹ ਇਨਸਾਨੀ ਹੁਸਨ ਦੀ ਉਹ ਸਿਖਰ ਛੋਹ ਹੁੰਦੀ ਹੈ, ਜਿਹਦਾ ਤੋੜ ਨਹੀਂ ਤੇ ਇਹੋ ਸੰਵੇਦਨਾ ‘ਹਾਇਕੂ’ ਵਿਚ ਜਾ ਕੇ ਜ਼ਿੰਦਗੀ ਦੀ ਛਿਣ-ਭੰਗਰਤਾ ਨੂੰ ਵੀ ਰਾਹ ਵਿਚ ਉਤਾਰ ਲੈਂਦੀ ਹੈ-

ਤਰੇਲ ਦੇ ਮੋਤੀ
ਹਰ ਇਕ ਨਜ਼ਰ ਆਵੇ
ਮੈਨੂੰ ਆਪਣਾ ਘਰ...

ਇਕ ਪਹਿਲੂ ਇਹ ਵੀ ਹੈ ਕਿ ਪੰਜਾਬੀ ਬੋਲੀ ਵਿਚ ਪਾਣੀ ਦੇ ਕਤਰੇ ਇਸ ਦੇ ਹੁਸਨ ਦੀ ਅੱਗ ਨਾਲ ਬਲ਼ ਉਠਦੇ ਹਨ, ਤੇ ਦਰਿਆ ਦੇ ਪਾਣੀਆਂ ਨੂੰ ਅੱਗ ਲੱਗ ਜਾਂਦੀ ਹਨ ਤੇ ਦੂਜਾ ਪਹਿਲੂ ਹੈ ਜਪਾਨ ਦੇ ‘ਹਾਇਕੂ’ ਵਿਚ, ਹਰ ਕਤਰੇ ਵਿਚ ਆਪਣਾ ਘਰ ਦਿੱਸਣਾ, ਕਿਸੇ ਸੀਮਾ ਅਸੀਮ ਨੂੰ ਰਲ਼ਾ ਦੇਂਦਾ ਹੈ।

ਸਦੀਵਤਾ ਵਿਚ ਕਣ-ਕਣ ਜੁੜੀ ਛਿਣ-ਭੰਗਰਤਾ ਨੂੰ... ਪਰਮਿੰਦਰ ਸੋਢੀ ਦੇ ਲਫ਼ਜ਼ਾਂ ਵਿਚ- ‘ਹਾਇਕੂ ਤਿੱਤਲੀਆਂ ਦਾ ਹਮਸਫ਼ਰ ਹੈ’ ਤੇ ਉਹਦੇ ਲਫ਼ਜ਼ਾਂ ਵਿਚ-

‘ਉਹ ਮੁੱਢ-ਕਦੀਮੀ ਹੈ। ਪੰਝੀ ਸਾਲ ਪਹਿਲਾਂ ਚੀਨੀ ਬਾਬੇ ਲਾਓਤਸੂ ਨੇ ਉਸ ਬਾਰੇ ਕਿਹਾ ਸੀ-‘ਉਸ ਦੀ ਵਿਆਖਿਆ ਨਹੀਂ ਹੋ ਸਕਦੀ...’ ਕੀ ਹੈ ਉਹ? ਸਭ ਕੁਝ ਉਹੀ ਤਾਂ ਹੈ। ਅਸੀ ਉਹਨੂੰ ਨਾਮ ਨਹੀਂ ਦਿਆਂਗੇ। ਉਸ ਨੂੰ ਜਦ ਵੀ ਨਾਮ ਦਿੱਤਾ ਗਿਆ, ਉਹ ਸਾਡੇ ਦੂਰ ਹੋ ਸਕਦਾ। ਉਹ ਸਾਹਾਂ ਵਿਚ ਲੁਕਿਆ ਸਾਡਾ ਪ੍ਰਾਣ ਹੀ ਤਾਂ ਹੈ। ਕੇਨੂੰ ਉਪਨਿਸ਼ਦ ਅਨੁਸਾਰ ‘ਉਹ ਤਾਂ ਕੰਨਾਂ ਦਾ ਕੰਨ ਹੈ, ਅੱਖਾਂ ਦੀ ਅੱਖ ਹੈ, ਸ਼ਬਦਾਂ ਦਾ ਸ਼ਬਦ ਹੈ. ਮਨਾਂ ਦਾ ਮਨ ਹੈ ਤੇ ਜੀਵਨ ਦਾ ਜੀਵਨ ਹੈ...’

‘ਕਿੱਥੇ ਹੈ ਉਹ? ਕਿਸੇ ਬੁੱਧ ਕੋਲ?’

ਬੁੱਧ ਨੂੰ ਵੇਖ ਕੇ ਕੋਈ ਰਾਹਗੁਜ਼ਰ, ਉਹਦੀ ਮਹਾਂ-ਸ਼ਾਂਤੀ ਨੂੰ ਵੇਖਦਾ ਰਹਿ ਜਾਂਦਾ ਹੈ ਤੇ ਪੁੱਛਦਾ ਹੈ- ਪਿਆਰੇ ਤੂੰ ਕੋਣ ਏ? ਕੋਈ ਅਣਸ਼ੀ ਜੀ? ਕੋਈ ਬ੍ਰਹਮ- ਲੋਕ ਦਾ ਦੇਵ ? ਤੇ ਪਰਮਿੰਦਰ ਨੇ ਇਸ ਵਾਰਤਾ

ਨੂੰ ਦੁਹਰਾਇਆ ਬੁੱਧ ਨੇ ਜੋ ਲਫ਼ਜ਼ ਕਹੇ ਹਨ, ਉਹ ਲਿਖੇ ਹਨ–ਮੈਂ ਜਾਗ ਪਿਆ ਹਾਂ...

ਜੋ ਜਾਗ ਜਾਏ, ਉਹ ਬੁੱਧ

'ਇਹ ਜਾਗਣ ਵਾਲੇ ਪਲ ਵਿਚ, ਹੁਣ ਵਾਲੇ ਛਿਣ ਵਿਚ, ਜੋ ਵੀ ਹੈ, ਸੱਚ ਹੈ। ਅਗਲੇ ਪਲ ਦਾ ਭਰੋਸਾ ਨਾ ਕਿਸੇ ਬੰਦੇ ਕੋਲ ਹੈ, ਨਾ ਸਮਾਜ ਕੋਲ, ਨਾ ਹੀ ਕੁਦਰਤ ਕੋਲ... ਵਸਤੂ ਤੇ ਵਰਤਾਰੇ ਪਲ–ਪਲ ਬਦਲਦੇ ਰਹੇ ਹਨ। ਨਿਰੰਤਰ ਗਤੀਸ਼ੀਲ ਵਸਤੂ ਵਰਤਾਰੇ ਵਿਚ ਸਨੇਹ ਵਿਚੋਂ ਦੁੱਖ ਪੈਂਦਾ ਹੈ, ਕਿਉਂਕਿ ਉਹ ਗਤੀਸ਼ੀਲ ਹੈ, ਅੱਜ ਹੈ, ਭਲਕੇ ਹੋਵੇ ਨਾ ਹੋਵੇ...

ਇਸੇ ਬੋਧ ਦੀ ਝਲਕ ਦਾ ਸੁਨੇਹਾ ਦੇਂਦੇ ਹਨ–ਹਾਇਕੂ

ਵੱਡਾ ਬਿਰਛ ਵੀ,
ਮੈ ਵੀ, ਕੁੱਤਾ ਵੀ
ਭਿੱਜ ਰਹੇ ਕਿਣਮਿਣ ਹੇਠ...

'ਇਸੇ ਲਈ ਹਾਇਕੂ ਵਾਲਾ ਕਵੀ ਇਕ ਪਲ ਲਈ ਦਿਬ–ਦ੍ਰਿਸ਼ਟੀ ਵੇਖ ਲੈਂਦਾ ਹੈ। ਜਦੋਂ ਇਕ–ਇਕ ਤੁਪਕੇ ਵਿਚ ਉਹਨੂੰ ਆਪਣਾ ਘਰ ਨਜ਼ਰ ਆਉਂਦਾ ਹੈ। ਤਰੇਲ ਛਿਣ–ਭੰਗਰ ਹੈ, ਇਕ ਪਲ ਹੈ, ਅਗਲੇ ਪਲ ਨਹੀਂ ਹੈ...

ਉਹ ਬੁੱਧ ਸਮਾਨ ਹੋ ਜਾਂਦਾ ਹੈ। ਕਿਸੇ ਬੋਧੀ ਭਿਕਸ਼ੂ ਵਾਂਗ ਛਿਣ ਵਿਚ ਲੁਕੀ ਸਦੀਵਤਾ ਨੂੰ ਲੱਭਣ ਤੁਰ ਪੈਂਦਾ ਹੈ। ਉਸ ਦੀ ਯਾਤਰਾ ਆਮ ਹੈ, ਪਰ ਉਸ ਦਾ ਅਨੁਭਵ ਪਰਾਲੌਕਿਕ...

'ਹਾਇਕੂ ਕਵੀ ਘਰੋਂ ਤੁਰਦਾ ਹੈ, ਤਾਂ ਉਸ ਦਾ ਰੋਮ–ਰੋਮ ਸੰਵੇਦਨਸ਼ੀਲ ਹੁੰਦਾ ਹੈ। ਉਹ ਸੋਹਜ ਦਾ ਆਸ਼ਕ ਹੈ, ਦਵੈਤ ਦਾ ਪੁਜਾਰੀ ਨਹੀਂ।

ਮੈਨੂੰ ਨਹੀਂ ਪਤਾ
ਕਿਹੜੇ ਬਿਰਖ ਤੋਂ ਆ ਰਹੀ
ਇਹ ਖ਼ੁਸ਼ਬੂ...

‘ਉਹ ਕੁਦਰਤ ਵਿਚੋਂ ਬੋਲਦਾ ਹੈ, ਤੇ ਕੁਦਰਤ ਉਹਦੇ ਵਿਚੋਂ ਬੋਲਣ ਲੱਗਦੀ ਹੈ। ਪੱਤਿਆਂ, ਫੁੱਲਾਂ, ਬਿਰਖਾਂ, ਪੰਛੀਆਂ, ਕੀੜੀਆਂ, ਟਿੱਡੀਆਂ, ਪੱਥਰਾਂ-ਪਹਾੜਾਂ, ਨਦੀਆਂ, ਸਾਗਰਾਂ, ਬੇੜੀਆਂ, ਬਾਦਬਾਨਾਂ, ਧੁੱਪਾਂ, ਛਾਵਾਂ, ਪੌਣਾਂ, ਪਤੰਗਾ ਵਿਚੋਂ ਬੋਲਣ ਲੱਗਦਾ ਹੈ। ਬਹਾਰ, ਗਰਮੀ, ਪਤਝੜ, ਤੇ ਸਰਦੀ, ਚਾਰੇ ਰੁੱਤਾਂ ਉਸ ਨਾਲ ਸੰਵਾਦ ਰਚਾਉਣ ਲਗਦੀਆਂ ਹਨ। ਵਰਖਾ, ਜੰਗਲ, ਫੇਤ, ਡਰਨੇ, ਕਿਸਾਨ, ਕਾਂ-ਚਿੜੀਆਂ, ਬਗਲੇ, ਉੱਲੂ, ਕੁੱਤੇ, ਬਿੱਲੀਆਂ, ਡੱਡੂ, ਮੱਛੀਆਂ, ਸੱਪ, ਘੋੜੇ, ਚੰਨ-ਸੂਰਜ, ਬੁੱਧ ਦੇ ਬੁੱਤ, ਅਸਮਾਨੀ ਬਿਜਲੀਆਂ, ਹੜ੍ਹ, ਬਰਸਾਤੀ ਨਾਲੇ, ਦੌੜਦੇ ਬੱਚੇ, ਕੋਇਲਾਂ ਦੇ ਗੀਤ, ਤਰੇਲ ਦੀਆਂ ਬੂੰਦਾਂ, ਮੱਖੀਆਂ, ਧਮੂੜੀਆਂ, ਪੌਣਾਂ, ਘਾਹ ਦੀਆਂ ਪੱਤੀਆਂ, ਲਹਿਰਾਂ ਤੇ ਬੱਦਲ ਵਾਰੋ-ਵਾਰੀ ਉਸ ਵਿਚੋਂ ਬੋਲੀ ਦਾ ਜਾਮਾ ਪਹਿਨ ਕੇ, ‘ਸੱਤਯ, ਸ਼ਿਵ, ਸੁੰਦਰ’ ਦਾ ਹਮਸਫ਼ਰ ਹੋਣ ਲਗਦੇ ਹਨ। ਇੰਜ ਲੱਗਣ ਲੱਗਦਾ ਹੈ ਜਿਵੇਂ ਕੁਦਰਤ ਦਾ ਹਰ ਕਣ ਉਸ ਵਿਚੋਂ ਰੂਪਾਂਤਰਣ ਹੋ ਕੇ ਮਨੁੱਖੀ ਬੋਲੀ ਦੇ ਸੈਆਂ ਰੰਗਾਂ ਵਿਚ ਬਦਲ ਕੇ ਨਵੇਂ-ਨਵੇਂ ਰੂਪ ਤੇ ਆਕਾਰ ਧਾਰਣ ਕਰ ਰਿਹਾ ਹੋਵੈ...

‘ਉਹ ਬੁੱਧ ਮੰਦਰ ਪਹੁੰਚਦਾ ਹੈ ਤਾਂ ਉਸਨੂੰ ਲੱਗਦਾ ਹੈ, ਜਿਵੇਂ ਚਿੜੀਆਂ ਵੀ ਤੀਰਥ-ਯਾਤਰਾ ‘ਤੇ ਆਈਆਂ ਹੋਣ...’

‘ਹਾਇਕੂ ਕਵੀ ਤਾਂ ਜਿਧਰ ਵੇਖਦਾ ਹੈ, ਸਮੁੱਚਾ ਵਸਤ ਵਰਤਾਰਾ ਹੀ ਜੀਵਤ ਹੋ ਉਠਦਾ ਹੈ। ਭਾਰਤ ਵਾਲਾ ਬੁੱਧ, ਚੀਨ ਵਾਲੇ ਲਾਓਤਸੂ ਤੇ ਚੁਆਂਤਸੂ ਤੇ ਜਪਾਨ ਦੇ ਪੁਰਾਤਨ ਕਵੀ ਸਭ ਉਸ ਦੇ ਸਮਕਾਲੀ ਹਨ। ਨਵੇਂ ਸਾਲ ਤੇ ਉਹ ਬੁੱਧ ਨੂੰ ਯਾਰਾਂ-ਬੇਲੀਆਂ ਵਾਂਗ ਯਾਦ ਕਰਦਾ ਹੈ-

ਭਲਕੇ ਨਵੇਂ ਸਾਲ ਦਾ ਪਹਿਲਾ ਦਿਨ
ਬੁੱਧ ਲਈ ਵੀ
ਤੇ ਮੇਰੇ ਲਈ ਵੀ...
ਬੁੱਧ ਦੇ ਸੂਤਰ ਕੋਈ ਪੜ੍ਹੇ ਹੌਲੀ-ਹੌਲੀ
ਪਰ ਭਰ ਦੇਣ ਉਹ ਠੰਡੀ ਪੌਣ ਨਾਲ

ਖੇਤਾਂ ਨੂੰ-ਪਹਾੜਾਂ ਨੂੰ...

ਮੈਂ ਕਿਥੋਂ ਤਕ ਮਿਸਾਲ ਦਿਆਂ, ਸਾਰੀ ਕਿਤਾਬ ਹੀ ਮਿਸਾਲ ਹੈ। ਮੈਂ ਅੱਖਰ-ਅੱਖਰ 'ਤੇ ਖਲੋ ਜਾਂਦੀ ਹਾਂ ਤੇ ਅੱਖਰ-ਅੱਖਰ ਮੇਰੇ ਨਾਲ ਤੁਰਨ ਲੱਗ ਪੈਂਦਾ ਹੈ...

ਪਰਮਿੰਦਰ ਨੇ ਹਾਇਕੂ ਦੀ ਵਿਧੀ ਬਾਰੇ ਜੋ ਲਿਖਿਆ ਹੈ- ਇਹਦਾ ਆਕਾਰ ਨਿਸ਼ਚਿਤ ਹੈ। ਜਾਪਾਨੀ ਲਿਪੀ ਦੇ 17 ਅੱਖਰਾਂ ਨੂੰ ਤਿੰਨ ਸਤਰਾਂ ਦੀ ਜੜਤ ਵਿਚ ਰੱਖਿਆ ਹੁੰਦਾ ਹੈ 5, 7, 5 ਦੇ ਕ੍ਰਮ ਅਨੁਸਾਰ... ਤੇ ਦੂਜਾ ਵਸਫ ਇਹ ਹੈ ਕਿ ਕੁਦਰਤ ਜਾਂ, ਮੌਸਮ ਦੇ ਕਿਸੇ ਪਹਿਲੂ ਦਾ ਸਿੱਧਾ ਹਵਾਲਾ 'ਹਾਇਕੂ' ਵਿਚ ਜਰੂਰ ਹੁੰਦਾ ਹੈ-

ਸੁੰਨੇ ਬਿਰਛ ਦੀ ਟਾਹਣੀ 'ਤੇ
ਕਾਂ ਆਣ ਬੈਠਾ
ਸਮਝੋ ਪਤਝੜ ਹੈ ਆ ਗਈ...

ਤੇ ਜਦੋਂ ਪਰਮਿੰਦਰ ਇਹ ਸਤਰਾਂ ਆਖਦਾ ਹੈ-

ਮੈਨੂੰ ਲੱਗਿਆ ਡਿੱਗਦਾ ਫੁੱਲ
ਮੁੜ ਟਾਹਣੀ ਵਲ ਪਰਤ ਰਿਹਾ
ਇਹ ਤਾਂ ਤਿੱਤਲੀ ਸੀ...

ਤਾਂ ਜਾਪਦਾ ਹੈ- ਕਾਇਨਾਤ ਦਾ ਕਣ-ਕਣ ਹਾਇਕੂ ਸ਼ਾਇਰ ਦੀ ਨਜ਼ਰ ਵਿਚ ਖੇਡ ਰਿਹਾ ਹੈ। ਤਿੱਤਲੀ ਦਾ ਫੁੱਲ ਦੇ ਰੂਪ ਵਿਚ ਦਿੱਸਣਾ, ਕਣ-ਕਣ ਦੀ, ਤੇ ਕਤਰੇ-ਕਤਰੇ ਦੀ ਲੀਲ੍ਹਾ ਬਣ ਜਾਂਦੀ ਹੈ-ਕ੍ਰਿਸ਼ਨ ਦੀ ਲੀਲ੍ਹਾ ਵਾਂਗ...

ਇਕ ਹੋਰ ਹਾਇਕੂ ਇਹਦੀ ਬੜੀ ਪਿਆਰੀ ਮਿਸਾਲ ਹੈ- ਮੀਂਹ ਵਿਚਕਾਰ ਸੂਰਜ ਨੂੰ ਵੇਖਣਾ, ਅੱਗ ਦੀ ਡੂੰਘਾਈ 'ਚੋਂ ਸਾਫ਼ ਪਾਣੀ ਖਿੱਚਣਾ ਹੈ... ਤੇ ਇਸ ਨੂੰ ਨਾ ਬੋਲਣ ਨਾਲ ਸਿਰਜਿਆ ਜਾ ਸਕਦਾ ਹੈ, ਨਾ ਚੁੱਪ ਨਾਲ ਜਾਣਿਆ ਜਾ ਸਕਦਾ ਹੈ...

ਉਹ ਚੁੱਪ ਜਿਹੜੀ ਕੁਝ ਜਾਣਦੀ ਹੈ, ਉਹ ਅੰਤਰ-ਅਨੁਭਵ ਹੈ, ਤੇ ਉਹੀ ਹਾਇਕੂ ਦੀ ਜਿੰਦ-ਪ੍ਰਾਣ ਹੈ...

ਪਰਮਿੰਦਰ ਨੇ ਸ਼ਾਇਰੀ ਦੀ ਇਸ ਡਾਈਮੈਨਸ਼ਨ ਨੂੰ ਤਰਜਮੇ ਵਿਚ ਲਿਆਉਣ ਦਾ ਜੋ ਕਾਰਜ ਕੀਤਾ ਹੈ, ਉਹ ਸ਼ਾਇਰ ਨੂੰ ਮਿਲੇ ਇਕ ਵਰ ਵਰਗਾ ਹੈ...

ਸਾਦਾ ਜਹੀ ਸਤਰ ਕਿਵੇਂ ਬਹੁ-ਅਰਥੀ ਬਣ ਜਾਂਦੀ ਹੈ, ਇਹਦਾ ਵਿਸ਼ਲੇਸ਼ਣ ਨਹੀਂ ਹੁੰਦਾ। ਜਿਵੇਂ ਧੂਫ਼-ਬੱਤੀ, ਪੂਜਾ-ਅਰਚਨਾ ਮਨ ਨੂੰ ਇਕਾਗਰ ਕਰਨ ਵਿਚ ਮਦਦ ਦੇਂਦੇ ਹਨ ਤੇ ਇਹਦਾ ਜ਼ਿਕਰ ਕਰਦਾ ਹਾਇਕੂ ਹੈ-

ਮੇਰੇ ਕੰਨ ਸ਼ੁੱਧ ਹੋ ਗਏ
ਧੂਫ਼-ਬੱਤੀ ਨਾਲ
ਹੁਣ ਮੈਂ ਸੁਣ ਸਕਾਂ ਕੋਇਲ ਦੀ ਕੂਕ...

ਆਵਾਜ਼ ਰੱਬ ਦੀ ਸੁਨਣੀ, ਜਾਂ ਕੋਇਲ ਦੀ, ਜਿੱਥੇ ਇਕੋ ਅਰਥ ਵਿਚ ਹੋ ਜਾਂਦੀ ਹੈ, ਉਹ ਮਨ ਦੀ ਅਵਸਥਾ ਹੈ...ਤੇ ਇਸੇ ਤਰ੍ਹਾਂ-

ਪਿੱਛੇ ਮੁੜ ਕੇ ਦੇਖਿਆ ਨਾ
ਛੱਡ ਗਿਆ ਉਹ ਕੁਟੀਆ
ਤੁਰਿਆ ਅਗਲੀ ਵਲ...

ਇਹਦਾ ਸਹਿਜ ਅਰਥ ਹੈ ਕਿ ਕੋਈ ਦਾਰਸ਼ਨਿਕ, ਬੇਲਾਗ ਹੋ ਕੇ ਕੁਟੀਆ ਬਦਲ ਰਿਹਾ ਹੈ, ਤੇ ਸਰੀਰ ਬਦਲ ਰਿਹਾ ਹੈ।

(ਅਪ੍ਰੈਲ 2001/ਨਾਗਮਣੀ)

ਹਾਇਕੂ : ਤਿਤਲੀਆਂ ਦੇ ਹਮਸਫ਼ਰ

ਉਹ ਮੁੱਢ ਕਦੀਮੀ ਹੈ।

ਲੋਕ ਬਗੈਰ ਜਾਣੇ, ਨਿੱਤ ਉਸ ਨੂੰ ਵਰਤਦੇ ਹਨ।

ਪੱਚੀ ਸਦੀਆਂ ਪਹਿਲਾਂ ਚੀਨੀ ਬਾਬੇ ਲਾਓਤਸੂ ਨੇ ਉਸ ਬਾਰੇ ਕਿਹਾ ਸੀ: ਉਸ ਦੀ ਵਿਆਖਿਆ ਹੋ ਸਕੇ ਤਾਂ ਉਹ ਅਸਲੀ ਨਹੀਂ ਹੋ ਸਕਦੀ।ਜੇ ਵਿਆਖਿਆ ਹੋ ਸਕੇ ਤਾਂ ਉਹ ਅਸਲੀ ਨਹੀਂ ਹੈ। ਉਹ ਹੈ ਤਾਂ ਸੱਖਣਾ, ਪਰ ਜੇ ਉਸ ਦੀ ਵਰਤੋਂ ਕਰਨ ਲੱਗੋ ਤਾਂ ਉਹ ਮੁੱਕਣ ਵਿਚ ਨਹੀਂ ਆਉਂਦਾ .....।

ਕੀ ਹੈ ਉਹ?

ਸਭ ਕੁਝ ਉਹ ਹੀ ਤਾਂ ਹੈ। ਅਸੀਂ ਉਸ ਨੂੰ ਨਾਮ ਨਹੀਂ ਦੇਵਾਂਗੇ। ਉਸ ਨੂੰ ਜਦ ਵੀ ਨਾਮ ਦਿੱਤਾ ਗਿਆ, ਉਹ ਸਾਡੇ ਤੋਂ ਦੂਰ ਜਿਹਾ ਹੁੰਦਾ ਲੱਗਿਆ ਹੈ।

ਉਂਜ ਉਹ ਸਾਡੇ ਤੋਂ ਦੂਰ ਨਹੀਂ ਹੋ ਸਕਦਾ। ਉਹ ਸਾਹਾਂ ਵਿਚ ਲੁਕਿਆ ਸਾਡਾ ਪ੍ਰਾਣ ਹੀ ਤਾਂ ਹੈ। ਕਨਾ ਉਪਨਿਸ਼ਦ ਅਨੁਸਾਰ, ''ਉਹ ਤਾਂ ਕੰਨਾਂ ਦਾ ਕੰਨ ਹੈ, ਅੱਖਾਂ ਦੀ ਅੱਖ ਹੈ, ਸ਼ਬਦਾਂ ਦਾ ਸ਼ਬਦ ਹੈ, ਮਨਾਂ ਦਾ ਮਨ ਹੈ ਅਤੇ ਜੀਵਨ ਦਾ ਜੀਵਨ ਹੈ।

ਕਿਥੇ ਹੈ ਉਹ?

ਕਿਸੇ ਬੁੱਧ ਕੋਲ!

ਗੌਤਮ ਬੁੱਧ ਨਾਲ ਜੁੜੀ ਗੱਲ ਹੈ। ਬੋਧ ਨੂੰ ਹਾਸਲ ਹੋਣ ਤੋਂ ਬਾਦ ਦੀ ਘਟਨਾ ਹੈ। ਮਹਾਤਮਾ ਬੁੱਧ ਤੁਰਿਆ ਜਾ ਰਿਹਾ ਸੀ। ਰਸਤੇ ਵਿਚ ਇਕ ਆਦਮੀ ਉਸ ਕੋਲੋਂ ਲੰਘਿਆ ਤਾਂ ਅਚੰਭਤ ਹੋ ਕੇ ਰਹਿ ਗਿਆ, ਬੁੱਧ ਦੀ ਅਲੌਕਿਕ ਹੋਂਦ ਦੇਖ ਕੇ।ਬੁੱਧ ਤੁਰਦਾ ਸੀ ਤਾਂ ਉਸ ਤੋਂ ਮਹਾਂ-ਸ਼ਾਂਤੀ ਦਾ ਸੁਖਦ ਅਹਿਸਾਸ ਕੋਲ ਖੜਿਆਂ ਨੂੰ ਛੂਹਣ ਲਗਦਾ ਸੀ। ਉਸ ਦੀ ਆਭਾ ਤੇ ਉੱਜਲਤਾ ਧਿਆਨ ਖਿੱਚਦੀ ਸੀ।

ਉਹ ਆਦਮੀ ਰੁਕ ਗਿਆ ਤੇ ਬੁੱਧ ਨੂੰ ਪੁੱਛਣ ਲਗਾ, ''ਪਿਆਰੇ ਤੂੰ

ਕੌਣ ਹੈਂ? ਤੂੰ ਕੋਈ ਅਰਸ਼ੀ ਜੀਵ ਏਂ ਜਾਂ ਫਿਰ ਕੋਈ ਬ੍ਰਹਮ ਲੋਕੀ ਦੇਵ?"

"ਨਹੀਂ ।" ਬੁੱਧ ਦੇ ਜਵਾਬ ਦਿੱਤਾ।

"ਫਿਰ ਤੂੰ ਹੈਂ ਕੌਣ? ਜ਼ਰੂਰ ਕੋਈ ਜਾਦੂਗਰ ਜਾਂ ਤਾਂਤਰਿਕ ਹੋਵੇਂਗਾ?"

"ਨਹੀਂ।"ਬੁੱਧ ਨੇ ਫਿਰ ਜੁਆਬ ਦਿੱਤਾ।

"ਪਰ ਇੰਨਾ ਤਾਂ ਦੱਸ ਕਿ ਹੈਂ ਤੂੰ ਆਦਮੀ ਹੀ?"

"ਨਹੀਂ।"ਬੁੱਧ ਬੋਲਿਆ।

"ਤਾਂ ਫਿਰ ਪਿਆਰੇ ਸੱਜਣ, ਤੂੰ ਹੈਂ ਕੌਣ?"

ਬੁੱਧ ਨੇ ਮੁਸਕਰਾ ਕੇ ਜੁਆਬ ਦਿੱਤਾ, "ਮੈਂ ਜਾਗ ਗਿਆ ਹਾਂ।" ਬੁੱਧ ਦਾ ਮਤਲਬ ਹੀ ਇਹ ਹੈ ਕਿ ਉਹ ਆਦਮੀ, ਜੋ ਜਾਗ ਗਿਆ ਹੋਵੇ, ਬੁੱਧ ਅਖਵਾਉਂਦਾ ਹੈ।

ਜਾਗਣਾ!

ਜਾਗਣਾ, ਇਸ ਪਲ ਵਾਸਤੇ।ਜੋ ਸਾਹਮਣੇ ਹੈ: ਉਸ ਨੂੰ ਚੇਤੰਨ ਹੋ ਕੇ ਦੇਖਣਾ, ਉਸ ਨੂੰ ਸਹਿਜ ਰੂਪ ਵਿਚ ਦੇਖਣਾ।

ਇਸ ਪਲ ਵਿਚ ਜਾਗਣ ਨਾਲ ਸਾਡਾ ਮਨ ਬੋਝਲ ਵਿਚਾਰਾਂ ਤੋਂ; ਭੂਤਕਾਲ ਦੀਆਂ ਬੇਲੋੜੀਆਂ ਯਾਦਾਂ ਤੋਂ; ਵਰਤਮਾਨ ਦੇ ਜਮਾਂ-ਘਟਾਉ ਤੋਂ ਮੁਕਤ ਹੋ ਜਾਂਦਾ ਹੈ।

ਇਸ ਪਲ ਵਿਚ, ਹੁਣ ਵਾਲੇ ਛਿਣ ਵਿਚ, ਜੋ ਵੀ ਹੈ-ਸੱਚ ਹੈ। ਅਗਲੇ ਪਲ ਦਾ ਭਰੋਸਾ ਨਾ ਕਿਸੇ ਬੰਦੇ ਕੋਲ ਹੈ, ਨਾ ਸਮਾਜ ਕੋਲ ਤੇ ਨਾ ਹੀ ਕੁਦਰਤ ਕੋਲ।

ਵਸਤੂ ਦੇ ਵਰਤਾਰੇ ਪਲ ਪਲ ਬਦਲ ਰਹੇ ਹਨ। ਨਿਰੰਤਰ ਗਤੀਸ਼ੀਲ ਵਸਤੂ-ਵਰਤਾਰੇ ਨਾਲ ਸਨੇਹ ਕਰਨ 'ਚੋ ਦੁੱਖ ਪੈਦਾ ਹੁੰਦਾ ਹੈ। ਕਿਉਂਕਿ ਗਤੀਸ਼ੀਲ ਅੱਜ ਹੈ, ਭਲਕੇ ਹੋਵੇ ਨਾ ਹੋਵੇ...!

ਜਾਗਣਾ

ਤੇ ਇਸ ਪਲ ਵਿਚ

ਜਾਗਣਾ.....

ਇਹ ਹੀ ਬੋਧ ਹੈ।

ਇਸੇ ਬੋਧ ਦੀ ਝਲਕ ਦਾ ਸੁਨੇਹਰਾ ਹੁੰਦੇ ਹਨ-ਹਾਇਕੂ:

ਵੱਡਾ ਬਿਰਖ਼ ਵੀ
ਮੈਂ ਵੀ, ਕੁੱਤਾ ਵੀ
ਭਿੱਜ ਰਹੇ ਕਿਣਮਿਣ ਹੇਠ

ਹਾਇਕੂ ਲਿਖਣ ਵਾਲਾ ਕਵੀ ਇਕ ਛਿਣ ਲਈ ਉਸ ਮੁੱਢ ਕਦੀਮੀ ਨੂੰ ਦੇਖ ਲੈਂਦਾ ਹੈ, ਜਿਸ ਦਾ ਜ਼ਿਕਰ ਉਪਰ ਹੋਇਆ ਹੈ।

ਤ੍ਰੇਲ ਦੇ ਤੁਪਕੇ
ਇਕ ਇਕ ਅੰਦਰ ਨਜ਼ਰ ਆਵੇ
ਮੈਨੂੰ ਆਪਣਾ ਘਰ

ਹਾਇਕੂ ਸ਼ਾਇਰ ਤਰੇਲ ਤੁਪਕਿਆਂ ਵਿੱਚ ਲੁਕੇ ਆਪਣੇ ਘਰ ਨੂੰ ਪਛਾਣ ਲੈਂਦਾ ਹੈ। ਤਰੇਲ ਤੁਪਕਾ, ਜੋ ਕਿ ਛਿਣ-ਭੰਗਾਰ ਹੈ। ਇਸ ਪਲ ਹੈ, ਅਗਲੇ ਪਲ ਨਹੀਂ।

ਇਸੇ ਲਈ ਹਾਇਕੂ ਵਾਲਾ ਕਵੀ ਇਕ ਲਈ ਦਿੱਬ-ਦ੍ਰਿਸ਼ਟੀ ਹਾਸਲ ਕਰ ਲੈਂਦਾ ਹੈ, ਉਹ ਸਧਾਰਣ ਹੋ ਕੇ ਵੀ ਬੁੱਧ ਸਮਾਨ ਹੋ ਜਾਂਦਾ ਹੈ। ਉਹ ਤਾਂ ਕਿਸੇ ਬੋਧੀ ਭਿਖੂ ਵਾਂਗ ਛਿਣ ਵਿੱਚ ਲੁਕੀ ਸਦੀਵਤਾ ਨੂੰ ਲੱਭਣ ਤੁਰ ਪੈਂਦਾ ਹੈ। ਉਸ ਦੀ ਯਾਤਰਾ ਆਮ ਹੈ, ਪਰ ਉਸ ਦਾ ਅਨੁਭਵ ਪਰਾਲੌਕਿਕ:

ਤੁਰਾਂ ਤਾਂ ਵੀ
ਬੈਠਾਂ ਤਾਂ ਵੀ
ਘਾਹ ਉੱਗਦਾ ਰਹੇ

ਉਸ ਨੂੰ ਉੱਗਦੇ ਘਾਹ ਜਿਹੀ ਆਮ ਗੱਲ ਨਾਲ ਵੀ ਇਹ ਗਿਆਨ ਹਾਸਲ ਹੋ ਜਾਂਦਾ ਹੈ ਕਿ ਕੁਦਰਤ ਅਤੇ ਅਸਤਿਤਵ ਦਾ ਮਹਾਂ-ਪਾਸਾਰ ਮਨੁੱਖੀ ਕ੍ਰਿਆਵਾਂ ਤੋਂ ਬੇਖਬਰ ਵਗਦਾ ਤੁਰਿਆ ਜਾਂਦਾ ਹੈ।

ਆਪਣੇ ਲਘੂ ਯਾਤਰਾ ਦੇ ਬਾਹਨੇ ਹਾਇਕੂ ਦਾ ਸਿਰਜਣਹਾਰ ਕੁਦਰਤ ਵੀ ਮਹਾਂ-ਯਾਤਰਾ ਦੇ ਦਰਸ਼ਨ ਕਰ ਲੈਂਦਾ ਹੈ। ਉਹ ਦੇਖਦਾ ਹੈ

ਕਿ ਕੁਦਰਤ ਦੀ ਮਹਾਂ-ਯਾਤਰਾ ਨੂੰ ਮਨੁੱਖ ਦੇ ਤੁਰਨ ਜਾਂ ਬੈਠਣ ਨਾਲ ਬਹੁਤਾ ਸਰੋਕਾਰ ਨਹੀਂ ਹੈ। ਕੁਦਰਤ ਨੇ ਤਾਂ ਆਪਣੀ ਸਹਿਜ ਤੋਰ ਤੁਰੇ ਹੀ ਰਹਿਣਾ ਹੈ। ਮਨੁੱਖ ਆਮ ਹੋਵੇ ਜਾਂ ਹਓਮੈ ਦਾ ਪਹਾੜ, ਕੁਦਰਤ ਨੂੰ ਇਸ ਦੀ ਪਰਵਾਹ ਨਹੀਂ ਹੈ:

ਯੋਧੇ ਦੇ ਸੁਪਨਿਆਂ 'ਚੋਂ
ਪਿਛੇ ਬਾਕੀ ਬਚਿਆ ਹੈ
ਗਰਮ ਰੁੱਤ ਵਾਲਾ ਘਾਹ

ਹਾਇਕੂ ਕਵੀ ਘਰੋਂ ਤੁਰਦਾ ਹੈ ਤਾਂ ਉਸ ਦਾ ਰੋਮ ਰੋਮ ਸੰਵੇਦਨਸ਼ੀਲ ਹੁੰਦਾ ਹੈ। ਉਹ ਤਾਂ ਸੁਹਜ ਦਾ ਆਸ਼ਕ ਹੈ, ਦਵੈਤ ਦਾ ਪੁਜਾਰੀ ਨਹੀਂ:

ਮੈਨੂੰ ਨਹੀਂ ਪਤਾ
ਕਿਹੜੇ ਬਿਰਖ ਤੋਂ ਆ ਰਹੀ
ਇਹ ਖੁਸ਼ਬੂ

ਉਹ ਕੁਦਰਤ ਵਿਚੋਂ ਬੋਲਦਾ ਹੈ ਅਤੇ ਕੁਦਰਤ ਉਸ ਵਿਚੋਂ ਬੋਲਣ ਲਗਦੀ ਹੈ। ਉਹ ਪੱਤਿਆਂ, ਫੁੱਲਾਂ, ਬਿਰਖਾਂ, ਪੰਛੀਆਂ, ਕੀੜੀਆਂ, ਟਿੱਡੀਆਂ, ਪੱਥਰਾਂ, ਪਹਾੜਾ, ਨਦੀਆਂ, ਸਾਗਰਾਂ, ਬੇੜੀਆਂ, ਬਾਦਬਾਨਾਂ, ਧੁੱਪਾਂ ਛਾਵਾਂ, ਪੌਣਾਂ ਤੇ ਪਤੰਗਾਂ ਵਿਚੋਂ ਬੋਲਣ ਲੱਗਦਾ ਹੈ। ਬਹਾਰ, ਗਰਮੀ, ਪੱਤਝੜ ਤੇ ਸਰਦੀ, ਚਾਰੇ ਰੁੱਤਾਂ ਉਸ ਨਾਲ ਸੰਵਾਦ ਰਚਾਉਣ ਲਗਦੀਆਂ ਹਨ। ਵਰਖਾ, ਜੰਗਲ, ਖੇਤ ਡਰਨੇ, ਕਿਸਾਨ, ਕਾਂ-ਚਿੜੀਆਂ, ਬਗਲੇ, ਉੱਲੂ, ਕੁੱਤੇ, ਬਿੱਲੀਆਂ, ਡੱਡੂ, ਮੱਛੀਆਂ, ਸੱਪ, ਘੋੜੇ, ਚੰਨ, ਸੂਰਜ, ਬੁੱਧ ਦੇ ਬੁੱਤ, ਅਸਮਾਨੀ ਬਿਜਲੀਆਂ, ਹੜ੍ਹ, ਬਰਸਾਤੀ ਨਾਲੇ, ਦੌੜਦੇ ਬੁਚੇ, ਕੋਇਲਾਂ ਦੇ ਗੀਤ, ਤਰੇਲ ਦੀਆਂ ਬੂੰਦਾਂ, ਮੱਖੀਆਂ, ਧਮੂੜੀਆਂ, ਪੌਣਾਂ, ਘਾਹ ਦੀਆਂ ਪੱਤੀਆਂ, ਲਹਿਰਾਂ ਅਤੇ ਬੱਦਲ ਵਾਰੋ ਵਾਰੀ ਉਸ ਵਿਚੋਂ ਬੋਲੀ ਦਾ ਜਾਮਾ ਪਹਿਨ ਕੇ 'ਸਤਿ ਸ਼ਿਵ ਸੁੰਦਰ' ਦਾ ਹਮਸਫਰ ਹੋਣ ਲਗਦੇ ਹਨ। ਇੰਜ ਲੱਗਣ ਲਗਦਾ ਹੈ ਜਿਵੇਂ ਕੁਦਰਤ ਦਾ ਹਰ ਕਣ ਉਸ ਵਿਚੋਂ ਰੁਪਾਂਤਰਣ ਹੋ ਕੇ ਮਨੁੱਖੀ ਬੋਲੀ ਦੇ ਸੈਆਂ ਰੰਗਾਂ 'ਚ ਬਦਲ ਕੇ ਨਵੇਂ ਨਵੇਂ ਰੂਪ ਤੇ ਆਕਾਰ ਧਾਰਣ ਕਰ ਰਿਹਾ ਹੋਵੇ।

ਇਕ ਡੱਡੂ ਉਸ ਨੂੰ ਦੇਖ ਕੇ ਆਪਣੇ ਹੱਥਾਂ ਨੂੰ ਧਰਤੀ 'ਤੇ ਰੱਖ ਕੇ ਬੜੇ ਆਦਰ ਨਾਲ ਆਪਣੇ ਗੀਤ ਗਾਣ ਲਗਦਾ ਹੈ। ਨਿੱਕੀ ਚਿੜੀ ਆਪਣੀ ਖੁਸ਼ੀ ਆਪਣੇ ਪਰਾਂ ਦੀ ਜੁੰਬਸ਼ ਨਾਲ ਪ੍ਰਗਟ ਕਰਨ ਲਗਦੀ ਹੈ। ਉਹ ਅੱਗੇ ਵਧਦਾ ਹੈ ਤਾਂ ਦੇਖਦਾ ਹੈ ਕਿ ਛੱਪੜ 'ਚ ਗੋਰੀ ਨਹਾ ਕੇ ਨਿਕਲ ਰਹੀ ਹੈ ਤੇ ਬੱਚੇ ਵੀ ਹਨ।

ਉਹ ਬੁੱਧ ਦੇ ਮੰਦਰ ਪਹੁੰਚਦਾ ਹੈ ਤਾਂ ਉਸ ਨੂੰ ਲਗਦਾ ਹੈ ਜਿਵੇਂ ਚਿੜੀਆਂ ਵੀ ਤੀਰਥ-ਯਾਤਰਾ ਤੇ ਆਈਆਂ ਹੋਣ। ਇਕ ਕਲਾ ਕੇਂਦਰ 'ਚ ਪਰਦਰਸ਼ਨੀ ਲੱਗੀ ਹੈ। ਉਹ ਦੇਖਦਾ ਹੈ ਕਿ ਚਿੜੀਆਂ ਵੀ ਕੇਂਦਰ ਦਾ ਬੂਹਾ ਖੁੱਲ੍ਹਣ ਤੋਂ ਪਹਿਲਾਂ ਉਥੇ ਪਹੁੰਚ ਗਈਆਂ ਹਨ ਤੇ ਨਾਲ ਹੀ ਉਨ੍ਹਾਂ ਦੇ ਬੱਚੇ ਵੀ ਹਨ।

ਕਦੇ ਕਦੇ ਉਸ ਨੂੰ ਲਗਦਾ ਹੈ ਜਿਵੇਂ ਸਾਹਮਣੇ ਬੈਠੀ ਚਿੜੀ ਆਪਣਾ ਗੀਤ ਵੀ ਗਾ ਰਹੀ ਹੈ ਤੇ ਨਾਲ ਹੀ ਟੇਢੀ ਅੱਖ ਨਾਲ ਉਸ ਦੇ ਘਰ ਵੱਲ ਵੀ ਦੇਖ ਰਹੀ ਹੈ। ਕੋਲ ਬੈਠਾ ਕੁੱਤਾ ਧਿਆਨ ਨਾਲ ਕੀੜਿਆਂ ਮਕੌੜਿਆਂ ਦੇ ਗੀਤ ਸੁਣਦਾ ਲਗਦਾ ਹੈ। ਉਹ ਸਮਾਧਾਂ-ਮੜ੍ਹੀਆਂ ਵੱਲ ਤੁਰ ਪੈਂਦਾ ਹੈ। ਉਹ ਹੈਰਾਨ ਹੁੰਦਾ ਹੈ, ਭਲਾ ਕਿਸ ਨੇ ਲਾਏ ਹੋਣਗੇ ਵੇਸਵਾ ਦੀ ਕਬਰ ਤੇ ਉਹ ਹਲਕੇ ਪੀਲੇ ਫੁੱਲ! ਉਸ ਦਾ ਕੁੱਤਾ ਉਸ ਦੇ ਅੱਗੇ ਅੱਗੇ ਤੁਰਨ ਲਗਦਾ ਹੈ। ਉਹ ਦੇਖਦਾ ਹੈ ਕਿ ਕਬਰਾਂ ਮੂਹਰੇ ਉਸ ਦਾ ਕੁੱਤਾ ਸਭ ਤੋਂ ਅੱਗੇ ਜਾ ਖੜੋਤਾ ਹੈ, ਪੁਰਖਿਆਂ ਨੂੰ ਸ਼ਰਧਾਜਲੀ ਦੇਣ ਲਈ।

ਉਹ ਖੇਤਾਂ ਵੱਲ ਤੁਰ ਪੈਂਦਾ ਹੈ। ਉਥੇ ਕੀਟ-ਪਤੰਗੇ ਗਾ ਰਹੇ ਹਨ ਪਰ ਕੀੜੀ ਚੁੱਪ ਕਰਕੇ ਵੀ ਆਪਣੀ ਹੋਂਦ ਜਤਲਾ ਰਹੀ ਹੈ। ਉਹ ਮਨ ਮੌਜੀ ਹੈ। ਉਹ ਤਾਂ ਖਿੰਡਰੇ ਪੁੰਡਰੇ ਘਾਹ ਦੇ ਵਿਚਕਾਰ ਨਿਰਉਦੇਸ਼ ਤੁਰਿਆ ਫਿਰਦਾ ਹੈ। ਘਾਹ ਦੀ ਇਕ ਪੱਤੀ ਕੋਲ ਵੀ ਠੰਡੀ ਹਵਾ ਬਗੈਰ ਕਿਸੇ ਵਿਤਕਰੇ ਦੇ ਆਣ ਬੈਠਦੀ ਹੈ। ਬਿਜਾਈ ਦਾ ਮੌਸਮ ਹੈ, ਕਿਸਾਨ ਤੇ ਬਲਦ ਦੋਵੇਂ ਹੀ ਪਸੀਨੇ-ਪਸੀਨਾ ਹੋ ਰਹੇ ਹਨ। ਪੀਲੇ ਫੁੱਲਾਂ ਵਾਲੇ ਖੇਤ ਵਿੱਚ ਸੂਰਜ ਡੁੱਬ ਰਿਹਾ ਹੈ, ਉਸ ਨੂੰ ਲਗਦਾ ਹੈ ਜਿਵੇਂ ਸੂਰਜ ਦੀ ਲਾਲੀ

ਖਰਬਾਂ ਮੀਲ ਤੋਂ ਆ ਰਿਹਾ ਕੋਈ ਅਲੌਕਿਕ ਸੁਨੇਹਾ ਹੈ।

ਹਾਇਕੂ ਕਵੀ ਤਾਂ ਜਿਧਰ ਵੀ ਦੇਖਦਾ ਹੈ, ਸਮੁੱਚਾ ਵਸਤ-ਵਰਤਾਰਾ ਹੀ ਜੀਵਤ ਹੋ ਉੱਠਦਾ ਹੈ। ਉਹ ਸਹਿਜ ਹੈ ਤੇ ਸੂਖਮ ਸੁਹਜ ਦਾ ਮਾਲਕ ਹੈ।

ਭਾਰਤ ਵਾਲਾ ਬੁੱਧ, ਚੀਨ ਵਾਲੇ ਲਾਓਤਸੂ ਅਤੇ ਜਾਪਾਨ ਦੇ ਪੁਰਾਤਨ ਕਵੀ-ਕਵਿਤਰੀਆਂ ਸਭ ਉਸ ਦੇ ਸਮਕਾਲੀ ਹਨ। ਨਵੇਂ ਸਾਲ 'ਤੇ ਉਹ ਬੁੱਧ ਨੂੰ ਯਾਰਾਂ ਬੇਲੀਆਂ ਵਾਂਗ ਯਾਦ ਕਰਦਾ ਹੈ, ਉਸ ਅਨੁਸਾਰ:

ਭਲਕੇ ਨਵੇਂ ਸਾਲ ਪਹਿਲਾ ਦਿਨ
ਬੁੱਧ ਲਈ ਵੀ
ਅਤੇ ਮੇਰੇ ਲਈ ਵੀ

ਉਹ ਬੁੱਧ ਦੀ ਹਜ਼ਾਰਾਂ ਸਾਲ ਤੇ ਹਜ਼ਾਰਾਂ ਮੀਲਾਂ 'ਚ ਫੈਲੀ ਕਰੁਣਾ ਨੂੰ ਆਪਣੇ ਦਿਲ ਅੰਦਰ ਮਹਿਸੂਸ ਕਰਦਾ ਹੈ। ਉਸ ਨੂੰ ਪਤਾ ਹੈ:

ਬੁੱਧ ਦੇ ਸੂਤਰ ਕੋਈ ਪੜ੍ਹੇ ਹੌਲੀ ਹੌਲੀ
ਪਰ ਭਰ ਦੇਣ ਉਹ ਠੰਡੀ ਪੌਣ ਨਾਲ
ਖੇਤਾਂ ਨੂੰ.....ਪਹਾੜਾਂ ਨੂੰ.....

ਚੁਆਂਗ ਤਸੂ ਨੇ ਹਜ਼ਾਰਾਂ ਸਾਲ ਪਹਿਲਾਂ ਇਕ ਸੁਪਨਾ ਦੇਖਿਆ ਸੀ। ਉਸ ਨੇ ਆਪਣਾ ਸੁਪਨਾ ਇੰਜ ਸੁਣਾਇਆ ਸੀ:

ਇਕ ਵਾਰੀ ਮੈਨੂੰ ਯਾਨਿ ਕਿ ਚੁਆਂਗ ਤਸੂ ਨੂੰ ਸੁਪਨਾ ਆਇਆ ਕਿ ਮੈਂ ਤਿਤਲੀ ਹਾਂ। ਇਧਰ ਉਧਰ ਉੱਡੀ ਫਿਰ ਰਹੀ ਬਿਲਕੁਲ ਅਸਲੀ ਤਿਤਲੀ। ਉਸ ਸਮੇਂ ਮੈਂ ਚੌਗਿਰਦੇ ਅੰਦਰ ਆਪਣੇ ਤਿਤਲੀ ਹੋਣ ਬਾਰੇ ਹੀ ਸੁਚੇਤ ਸੀ। ਮੈਨੂੰ ਆਪਣੇ ਮਨੁੱਖੀ ਆਪੇ ਦਾ ਚਿੱਤ-ਚੇਤਾ ਵੀ ਨਹੀਂ ਸੀ। ਅਚਾਨਕ ਮੈਂ ਹੀ ਲੇਟਿਆ ਹੋਇਆ ਸੀ। ਹੁਣ ਮੈਨੂੰ ਇਹ ਪਤਾ ਨਹੀਂ ਲਗ ਰਿਹਾ ਸੀ ਕਿ ਕੀ ਮੈਂ ਉਸ ਸਮੇਂ ਇਕ ਮਨੁੱਖ ਸੀ, ਜਿਹੜਾ ਤਿਤਲੀ ਹੋਣ ਦਾ ਸੁਪਨਾ ਲੈ ਰਿਹਾ ਸੀ ਹਾਂ ਮੈਂ ਹੁਣ ਤਿਤਲੀ ਹਾਂ, ਜਿਹੜੀ ਮਨੁੱਖ ਹੋਣ ਦਾ ਸੁਪਨਾ ਲੈ ਰਹੀ ਹੈ?

....ਸਦੀਆਂ ਬਾਦ, ਇਕ ਹਾਈਕੂ ਸ਼ਾਇਰ, ਫਿਰ ਉਸੇ ਤਿਤਲੀ ਨਾਲ ਸੰਵਾਦ ਕਰਦਾ ਹੈ:

ਪੱਥਰ 'ਤੇ ਸੌਂ ਰਹੀ ਤਿਤਲੀਏ!
ਤੂੰ ਸੁਪਨਾ ਦੇਖ ਰਹੀ
ਮੇਰੇ ਉਦਾਸ ਜੀਵਨ ਦਾ

ਤਿਤਲੀ ਦੀ ਚੁੱਪ ਸਦੀਆਂ ਦਾ ਸਫ਼ਰ ਤਹਿ ਕਰਦੀ ਹੈ, ਫਿਰ ਕੋਈ ਦੂਸਰਾ ਹਾਇਕੂ ਸ਼ਾਇਰ ਬੋਲਦਾ ਹੈ:

ਤਿਤਲੀ ਸੁਪਨਾ ਦੇਖੇ ਫੁੱਲਾਂ ਦਾ
ਮੈਂ ਮਜਬੂਰੀ ਵੱਸ ਪੁੱਛਾਂਗਾ
ਪਰ ਚੁੱਪ ਦੀ ਭਾਸ਼ਾ ਵਿਚ

ਸਦੀਆਂ ਬੀਤ ਜਾਂਦੀਆਂ ਹਨ। ਫਿਰ ਕਿਸੇ ਹੋਰ ਹਾਇਕੂ ਸ਼ਾਇਰ ਨੂੰ ਅਨੁਭੂਤੀ ਹੁੰਦੀ ਹੈ:

ਤੂੰ ਤਿਤਲੀ
ਮੈਂ ਚੁਆਂਗ ਤਸੂ ਦਾ
ਸੁਪਨੇ ਲੈਂਦਾ ਦਿਲ

ਹਾਇਕੂ ਤਾਂ ਕੰਪਿਊਟਰ ਵਾਲੇ ਇੰਟਰ-ਨੈੱਟ ਤੋਂ ਵੀ ਅਰਬਾਂ-ਖਰਬਾਂ ਗੁਣਾਂ ਤੇਜ਼ ਤੇ ਸੂਖ਼ਮ ਹੈ। ਇਹ ਤਾਂ ਚੁਆਂਗ ਤਸੂ ਦੇ ਸੁਪਨੇ ਵਾਲੀ ਤਿਤਲੀ ਦੇ ਫੁੱਲਾਂ ਵਾਲੇ ਸੁਪਨਿਆਂ ਨੂੰ ਵੀ ਛੂਹ ਸਕਦਾ ਹੈ।

ਉਸ ਨੂੰ ਪਤਾ ਹੈ ਕਿ ਤਿਤਲੀਆਂ ਫੁੱਲਾਂ ਨੂੰ ਦੇਖ ਕੇ ਚਿੱਤ ਭਰਮਾ ਲੈਂਦੀਆਂ ਹਨ ਅਤੇ ਚੰਨ ਨੂੰ ਦੇਖ ਕੇ ਵਿਸਮੈ ਨਾਲ ਭਰ ਜਾਂਦੀਆਂ ਹਨ। ਉੱਡੀ ਫਿਰਦੀ ਇਕ ਤਿਤਲੀ ਨੂੰ ਦੇਖ ਕੇ ਉਸ ਨੂੰ ਆਪਣਾ ਆਪਾ ਕੋਈ ਮਿੱਟੀ ਵਾਲਾ ਜੀਵ ਜਾਪਣ ਲਗਦਾ ਹੈ ਤੇ ਉਹ ਦੁਆ ਕਰਦਾ ਹੈ:

ਕਿੰਨੀਆਂ ਖੁਸ਼ ਤੇ ਸਨੇਹ ਪੂਰਨ!
ਮੈਂ ਵੀ ਅਗਲੇ ਜਨਮ 'ਚ ਹੋਣਾ ਚਾਹਾਂ
ਖੇਤ 'ਚ ਉੱਡਦੀ ਫਿਰਦੀ ਕੋਈ ਤਿਤਲੀ

ਤੀਰਥ ਯਾਤਰੀਆਂ ਦੇ ਬੱਚੇ ਮੁੜ ਮੁੜ ਪਿਛੇ ਰਹਿ ਜਾਂਦੇ ਹਨ ਤੇ

ਉਹ ਉਨ੍ਹਾਂ ਨਾਲ ਮਿਲ ਕੇ ਤਿਤਲੀਆਂ ਨਾਲ ਲੁਕਣ-ਛਿਪੀ ਖੇਲ੍ਹਣ ਲਗਦਾ ਹੈ:

ਤੀਰਥ ਯਾਤਰੀਆਂ ਦੇ ਬੱਚੇ
ਮੁੜ ਮੁੜ ਪਿੱਛੇ ਰਹਿੰਦੇ ਜਾਣ
ਖੇਲ੍ਹਣ ਤਿਤਲੀਆਂ ਨਾਲ

ਢਲਦੇ ਸੂਰਜ ਦੀ ਫੈਲਦੀ ਲਾਲੀ 'ਚ ਅਚਾਨਕ ਗਲੀ ਵਿੱਚ ਉੱਡੀ ਫਿਰ ਰਹੀ ਇਕ ਤਿਤਲੀ ਉਸ ਦੇ ਸਾਹਮਣੇ ਆ ਜਾਂਦੀ ਹੈ, ਉਹ ਆਪਣੇ ਦਿਲ ਦੀ ਗੱਲ ਦੱਸ ਬੈਠਦਾ ਹੈ:

ਮੇਰਾ ਦਿਲ ਤਾਂਘ ਰਿਹਾ
ਸਫਰ ਤੇ ਮੇਰੀ ਸਾਥਣ ਹੋਵੇ
ਕੋਈ ਇਕ ਤਿਤਲੀ

ਹਾਇਕੂ ਕਵੀ ਦਾ ਸੁਹਜ ਫੁੱਲਾਂ, ਚਿੜੀਆਂ ਤੇ ਤਿਤਲੀਆਂ ਤਕ ਹੀ ਸੀਮਤ ਨਹੀਂ ਹੋ ਸਕਦਾ। ਉਹ ਤਾਂ ਜਿਥੇ ਵੀ ਹੈ, ਇਕ ਸਾਮਾਨ ਹੈ। ਉਹ ਤਾਂ ਜੀਵਨ ਦੀ ਹਰ ਧਾਰਾ 'ਚ ਇਕਸਾਰ ਵਿਚਰਦਾ ਹੈ। ਉਸ ਲਈ ਸਹਿਜਤਾ, ਸੁਹਜ ਤੇ ਸੰਵੇਦਨਾ ਇਕੋ ਹੀ ਸੂਖਮ ਵਰਤਾਰੇ ਦੇ ਨਾਲ ਹਨ।

ਉਹ ਤਾਂ ਕਿਸਾਨਾ, ਫੇਰੀ ਵਾਲਿਆਂ, ਵੇਸਵਾਵਾਂ, ਭਿਖਾਰੀਆਂ ਅਤੇ ਫਾਂਸੀ ਚੜ੍ਹ ਰਹੇ ਕੈਦੀਆਂ ਦੇ ਮਨੋਭਾਵਾਂ ਨੂੰ ਇਕ ਸਮਾਨ ਮਹਿਸੂਸ ਕਰਦਾ ਹੈ। ਉਸ ਦਾ ਦਿਲ ਫੇਰੀ ਵਾਲੇ ਨੂੰ ਦੇਖ ਕੇ ਪਸੀਜ ਜਾਂਦਾ ਹੈ:

ਗਰਮੀ 'ਚ ਫੇਰੀ ਵਾਲਾ
ਸਾਹੋ ਸਾਹ ਪੱਖਿਆਂ ਦੇ ਝੋਲੇ ਨਾਲ
ਪਿੱਠ ਤੇ ਪੌਣਾਂ ਦਾ ਭਾਰ ਹੈ

ਇਕ ਫਾਂਸੀ ਲੱਗਣ ਜਾ ਰਿਹਾ ਬੰਦਾ, ਹਾਇਕੂ ਰਾਹੀਂ ਬੋਲਦਾ ਹੈ:

ਕੋਇਲ! ਤੇਰੇ ਗੀਤ ਨੂੰ
ਮੈਂ ਅੱਧ ਵਿਚਾਲੇ ਛੱਡ ਕੇ ਜਾ ਰਿਹਾ
ਬਾਕੀ ਸੁਣਾਗਾਂ ਮੈਂ ਅਗਲੇ ਲੋਕ

ਇਕ ਭਿਖਾਰੀ ਨੂੰ ਦੇਖ ਕੇ ਉਹ ਗਰੀਬੀ ਤੇ ਅਮੀਰੀ ਦੇ ਸਤਹੀ ਪੈਮਾਨਿਆਂ ਤੇ ਵਿਅੰਗ ਕਰਦਾ ਹੈ:

ਕੋਲੋਂ ਲੰਘ ਰਹੇ ਲੋਕ ਮੂੰਹ ਵੱਟ ਕੇ
ਪਰ ਖੁਸ਼ ਹੈ ਭਿਖਾਰੀ ਗਰਮੀ 'ਚ
ਪਹਿਨੇ ਨਿੱਤ ਧਰਤੀ ਤੇ ਅਸਮਾਨ

ਹਾਇਕੂ ਸ਼ਾਇਰ ਤਾਂ ਕੁਦਰਤ ਤੇ ਮਨੁੱਖੀ ਜ਼ਿੰਦਗੀ ਦੋਹਾਂ ਵਿੱਚ ਹੀ ਇਕੋ ਸਮੇਂ ਪ੍ਰਵੇਸ਼ ਕਰਦਾ ਹੈ। ਉਹ ਤਾਂ ਏਸ਼ੀਆਂ ਦੇ ਸਮੁੱਚੇ ਦਰਸ਼ਨ (ਤਾਓਵਾਦ, ਬੁੱਧਵਾਦ ਤੇ ਕਨਫਿਊਸ਼ਸਵਾਦ) ਅਤੇ ਸੂਖਮ ਕਲਾਤਮਕ ਬੋਧ ਨੂੰ ਸਹਿਜ ਹੀ ਆਪਣੇ ਅੰਦਰ ਸਮੇਟ ਲੈਂਦਾ ਹੈ:

ਜਦ ਮੈਂ ਮਰ ਜਾਵਾਂਗਾ
ਘਾਹ ਹੋਵੇਗਾ
ਮੀਂਹ ਹੋਵੇਗਾ

ਹਾਇਕੂ:ਮੁੱਢਲੀ ਜਾਣ ਪਛਾਣ

ਹਾਇਕੂ ਜਾਪਾਨੀ ਕਵਿਤਾ ਦਾ ਇਕ ਰੂਪ ਹੈ।

ਇਹ ਕਵਿਤਾ ਬੜੀ ਸੰਖੇਪ ਹੁੰਦੀ ਹੈ।

ਜਾਪਾਨੀ ਪਰੰਪਰਾ ਅਨੁਸਾਰ ਹਾਇਕੂ ਦਾ ਬਾਹਰੀ ਸੁਭਾਅ ਕੁਝ ਵਿਸ਼ੇਸ਼ ਗੁਣਾਂ ਦਾ ਧਾਰਨੀ ਹੁੰਦਾ ਹੈ।ਇਹ ਗੁਣ ਹੇਠ ਲਿਖੇ ਅਨੁਸਾਰ ਹਨ:

ਪਹਿਲਾ ਗੁਣ:

ਹਾਇਕੂ ਦਾ ਆਕਾਰ ਨਿਸ਼ਚਿਤ ਹੁੰਦਾ ਹੈ ਜਾਪਾਨੀ ਲਿਪੀ ਦੇ 17 ਅੱਖਰਾਂ (ਉਚਾਰ ਖੰਭਾਂ/SYLLABLES)ਨੂੰ 5-7-5 ਦੇ ਕ੍ਰਮ ਅਨੁਸਾਰ ਜੜਨ ਨਾਲ ਹਾਇਕੂ ਦੀ ਸੰਰਚਨਾ ਹੁੰਦੀ ਹੈ।ਉਦਾਹਰਣ ਵਜੋਂ:

ਸ ਜੂ ਮੇ ਕੋ ਮੋ

1 2 3 4 5

ਚਿੜੀਆਂ ਨਿੱਕੀਆਂ ਵੀ

ਊ ਮੇ ਨੀ ਕੂ ਚੀ ਆ ਕੂ

1 2 3 4 5 6 7

ਫੁੱਲਾਂ ਵੱਲ ਮੂੰਹ ਖੋਲ੍ਹਣ

ਨੇ ਬੂ ਤਸ ਕਾ ਨਾ

1 2 3 4 5

ਪੂਜਾ ਹੀ ਤਾਂ ਹੈ

ਦੂਜਾ ਗੁਣ:

ਕੁਦਰਤ ਜਾਂ ਮੌਸਮ ਦੇ ਕਿਸੇ ਪਹਿਲੂ ਦਾ ਸਿੱਧਾ ਜਾਂ ਅਸਿੱਧਾ ਹਵਾਲਾ ਹਾਇਕੂ ਅੰਦਰ ਜ਼ਰੂਰ ਹੁੰਦਾ ਹੈ। ਮਿਸਾਲ ਵਜੋਂ:

ਸੁੱਕੇ ਬਿਰਖ ਦੀ ਟਾਹਣੀ ਤੇ
ਕਾਂ ਇਕ ਆਣ ਬੈਠਾ
ਸਮਝੋ ਪੱਤਖੜ ਹੈ ਆ ਗਈ

ਪਰੰਪਰਾਵਾਦੀ ਹਾਇਕੂ ਅੰਦਰ ਮੌਜੂਦਾ ਮੌਸਮ ਵੱਲ ਇਸ਼ਾਰਾ ਕਰਨਾ ਜ਼ਰੂਰੀ ਸਮਝਿਆ ਜਾਂਦਾ ਹੈ। ਉਪਰਲੇ ਹਾਇਕੂ ਵਿਚ ਮੌਜੂਦਾ ਮੌਸਮ ਪੱਤਝੜ ਹੈ।

ਕਈ ਵਾਰ ਮੌਸਮ ਵੱਲ ਇਸ਼ਾਰਾ ਅਸਿੱਧੇ ਰੂਪ ਵਿੱਚ ਵੀ ਕਰਿਆ ਜਾ ਸਕਦਾ ਹੈ:

ਕਬਰਾਂ ਤੇ ਮੱਥਾ ਟੇਕ ਰਹੇ
ਸਫੇਦ ਵਾਲਾਂ ਵਾਲੇ ਬਜ਼ੁਰਗ
ਆਪਣੀਆਂ ਖੁੰਡੀਆਂ ਤੇ ਝੁਕੇ ਹੋਏ

ਇਥੇ ਕਬਰਾਂ ਤੇ ਮੱਥਾ ਟੇਕ ਰਹੇ ਵਾਲੇ ਸ਼ਬਦਾਂ ਤੋਂ ਹਾਇਕੂ ਅੰਦਰਲੇ ਮੌਜੂਦਾ ਮੌਸਮ ਦਾ ਪਤਾ ਚਲਦਾ ਹੈ। ਜਾਪਾਨ ਵਿੱਚ ਗਰਮੀਆਂ ਦੇ ਮੱਧ ਵਿੱਚ ਆਪਣੇ ਪੁਰਖਿਆਂ ਦੀਆਂ ਮੜੀਆਂ ਤੇ ਸ਼ਰਧਾਂਜਲੀ ਤੇ ਫੁੱਲ ਭੇਟ ਕਰਨ ਦੀ ਪਰੰਪਰਾ ਹੈ। ਇਸ ਲਈ ਉਪਰਲੇ ਹਾਇਕੂ ਵਿਆਪਕ ਮੌਸਮ ਗਰਮੀਆਂ ਦਾ ਮੱਧ ਵਿਚਕਾਰ ਹੈ।

ਹਾਇਕੂ ਵਿੱਚ ਮੌਸਮ ਵੱਲ ਇਸ਼ਾਰਾ ਕਰਨ ਦਾ ਕਾਰਣ ਇਸ ਗੱਲ ਪ੍ਰਤੀ ਚੇਤੰਨਤਾ ਜ਼ਾਹਿਰ ਕਰਨਾ ਹੈ ਕਿ ਵਿਅਕਤੀ ਜਾਂ ਪਰਿਵਾਰ ਹੀ ਨਹੀਂ, ਸਗੋਂ ਹਰ ਚੀਜ਼ ਨੇ ਇਕ ਨਾ ਇਕ ਦਿਨ ਮਰ ਮੁੱਕ ਜਾਣਾ ਹੈ। ਇਸ ਲਈ ਮਨੁੱਖ ਦੀ ਹਸਤੀ ਦਾ ਬਦਲਦੇ ਮੌਸਮਾਂ ਨਾਲ ਗਹਿਰਾਂ ਸੰਬੰਧ ਹੈ।

ਤੀਜਾ ਗੁਣ:

ਹਾਇਕੂ ਅੰਦਰ ਕਿਸੇ ਨਾ ਕਿਸੇ ਵਿਸ਼ੇਸ਼ ਘਟਨਾ ਨਾਲ ਸੰਬੰਧ ਜੋੜਿਆ ਜਾਂਦਾ ਹੈ:

ਮੈਨੂੰ ਲਗਿਆ ਗਿਰਦਾ ਫੁੱਲ
ਮੁੜ ਟਹਿਣੀ ਵੱਲ ਪਰਤ ਰਿਹਾ
ਇਹ ਤਾਂ ਤਿਤਲੀ ਸੀ

ਚੌਥਾ ਗੁਣ:

ਹਾਇਕੂ ਵਿੱਚ ਵਾਪਰ ਰਹੀ ਘਟਨਾ ਹੁਣੇ ਹੁਣੇ ਭਾਹ ਵਰਤਮਾਨ

ਸਮੇਂ ਵਿੱਚ ਅੱਖਾਂ ਦੇ ਐਨ ਸਾਹਮਣੇ ਵਾਪਰ ਰਹੀ ਲਗਦੀ ਹੈ ਨਾ ਕਿ ਬੀਤ ਚੁੱਕੇ ਸਮਿਆਂ ਵਿੱਚ:

ਕਿਸਾਨ ਦਾ ਬੱਚਾ
ਦਾਣੇ ਛਟਦਾ ਰੁਕ ਗਿਆ
ਤੇ ਦੇਖਣ ਲੱਗਾ ਚੰਨ ਵੱਲ

ਹਾਇਕੂ ਦਾ ਕੇਂਦਰੀ ਨੁਕਤਾ ਹੀ ਸਾਹਮਣੇ ਵਾਪਰ ਰਹੇ ਉਸ ਛਿਣ ਨੂੰ ਫੜ੍ਹਨਾ ਹੈ, ਜਿਸ ਅੰਦਰ ਸਾਡੀ ਚੇਤਨਾ ਹੈਰਾਨੀ ਤੇ ਅਚੰਭੇ ਨਾਲ ਅਚਾਨਕ ਜਗਮਗਾ ਉਠਦੀ ਹੈ। ਅਸਚਰਜਤਾ ਦਾ ਭਾਵ ਸਾਡੀ ਕੁਦਰਤ ਨਾਲ ਨੇੜਤਾ ਕਾਰਨ ਵੀ ਵਾਪਰਦਾ ਹੈ ਤੇ ਸਧਾਰਣ ਪਿਛੇ ਲੁਕੀ ਅਲੌਕਿਕਤਾ ਕਾਰਣ ਵੀ।

ਪੰਜਵਾਂ ਗੁਣ:

ਉਪਰ ਦਸੇ ਗਏ ਤੀਸਰੇ ਤੇ ਚੌਥੇ ਗੁਣਾਂ ਤੋਂ ਪਤਾ ਲਗਦਾ ਹੈ ਕਿ ਹਾਇਕੂ ਵਿੱਚ ਆਪਣੇ ਭਾਵ ਪ੍ਰਗਟ ਕਰਨ ਲਈ ਇਕ ਵਿਸ਼ੇਸ਼ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ। ਹਾਇਕੂ ਵਿੱਚ ਆਪਣੇ ਭਾਵ ਸਿੱਧੇ ਕਹਿਣ ਦੀ ਥਾਂ ਕਵੀ ਕਿਸੇ ਖਾਸ ਛਿਣ-ਪਲ ਵਿੱਚ ਵਾਪਰ ਰਹੀ ਘਟਨਾ ਦੇ ਚਿਤਰਣ ਰਾਹੀਂ ਹੀ ਆਪਣੇ ਭਾਵ ਪ੍ਰਗਟ ਕਰਦਾ ਹੈ।

ਉਂਜ ਤਾਂ ਹਰ ਕਵਿਤਾ ਹੀ ਕਿਸੇ ਨਾ ਕਿਸੇ ਭਾਵ ਨੂੰ ਪ੍ਰਗਟ ਕਰਦੀ ਹੈ, ਪਰ ਹਾਇਕੂ ਦੀ ਖਾਸੀਅਤ ਕਿਸੇ ਵਿਸ਼ੇਸ਼ ਘਟਨਾ ਅਤੇ ਕੁਦਰਤਦੇ ਕਿਸੇ ਵਿਸ਼ੇਸ਼ ਪਹਿਲੂ ਦੀ ਮਾਰਫਤ ਮਨੁੱਖੀ ਭਾਂਵਾ ਨੂੰ ਅਭਿਵਿਅਕਤ ਕਰਨ ਵਿੱਚ ਹੈ। ਖੁਸ਼ੀ, ਗ਼ਮੀ, ਹੈਰਾਨੀ, ਉਤਸੁਕਤਾ, ਇਕੱਲਤਾ ਅਤੇ ਧੰਨਵਾਦ ਆਦਿ ਦੇ ਅਹਿਸਾਸ ਪ੍ਰਗਟ ਕਰਨ ਲਈ ਉਹ ਉਸ ਪਲ ਤੇ ਆਪਣੀ ਚੇਤਨਾ ਨੂੰ ਕੇਂਦਰਿਤ ਕਰਦਾ ਹੈ, ਜਿਥੇ ਮਨੁੱਖੀ ਸੁਭਾਅ ਤੇ ਸਮੁੱਚੀ ਕੁਦਰਤ ਇਕਹਿਰੀ ਹੋਂਦ ਵਜੋਂ ਵਿਆਪਕ ਹੋ ਰਹੇ ਲਗਦੇ ਹਨ:

ਬੰਦੇ ਵਰਗਾ ਲੱਗੇ
ਚਾਨਣੀ ਰਾਤ 'ਚ ਉਹ ਡਰਨਾ
ਕਿੰਨਾ ਦਿਲ-ਛੁਹਵਾਂ

ਹਾਇਕੂ ਦੀ ਸਮੁੱਚੀ ਕਾਰੀਗਰੀ ਜਾਂ ਤਕਨੀਕ ਹੀ ਇਸ ਗੱਲ ਵਿੱਚ ਹੈ ਕਿ ਉਨ੍ਹਾਂ ਹਾਲਤਾਂ ਦੀ ਮੁੜ ਉਸਾਰੀ ਕੀਤੀ ਜਾਵੇ, ਜਿਨ੍ਹਾਂ ਨੇ ਕਵੀ ਅੰਦਰ ਕੋਈ ਖਾਸ ਭਾਵ ਜਗਾਇਆ ਸੀ। ਜੇ ਪਾਠਕ ਕਲਪਨਾ ਰਾਹੀਂ ਆਪਣੇ ਆਪ ਨੂੰ ਕਵੀ ਵਾਲੇ ਚੌਗਿਰਦੇ ਜਾਂ ਹਾਲਤਾਂ ਵਿੱਚ ਲੈ ਜਾਵੇ ਤਾਂ ਉਸੇ ਭਾਵ ਦਾ ਸਿੱਧਾ ਅਨੁਭਵ ਉਹ ਵੀ ਕਰ ਲੈਂਦਾ ਹੈ:

ਇਹੀ ਪਹਾੜ ਦੇਖੇ ਹੋਣਗੇ
ਮੇਰੇ ਬਾਪ ਨੇ ਇਸੇ ਤਰ੍ਹਾਂ
ਸਰਦੀਆਂ ਦੇ ਮੌਸਮ ਵਿੱਚ

ਛੇਵਾਂ ਗੁਣ:

ਹਾਇਕੂ ਦੀ ਇਕ ਹੋਰ ਖਾਸੀਅਤ ਇਹ ਹੈ ਕਿ ਇਸ ਅੰਦਰ ਵਿਕਾਸ ਦੀ ਸੰਭਾਵਨਾ ਹਮੇਸ਼ਾ ਲੁਕੀ ਹੁੰਦੀ ਹੈ। ਹਾਇਕੂ ਵਿੱਚ ਇਹ ਸਮਰੱਥਾ ਹੁੰਦੀ ਹੈ ਕਿ ਜੇ ਇਸ ਨੂੰ ਦੂਸਰੀ ਤੀਸਰੀ ਵਾਰ ਜਾਂ ਬਾਰ ਬਾਰ ਪੜ੍ਹਿਆ ਜਾਵੇ ਤਾਂ ਭਾਵਾਂ ਦੀ ਡੂੰਘਾਈ ਵਧਦੀ ਲਗਦੀ ਹੈ। ਸੰਖੇਪ ਜਿਹੇ ਆਤੇ ਪਹਿਲੀ ਵਾਰ 'ਚ ਬੇਹੱਦ ਸਧਾਰਣ ਲਗਦੇ ਹਾਇਕੂ ਨੂੰ ਵੀ ਜੇ ਦੁਬਾਰਾ ਪੜ੍ਹਿਆ ਜਾਵੇ ਤਾਂ ਚੇਤਨਾ ਦੇ ਨਵੇਂ ਬੂਹੇ ਖੁੱਲ੍ਹਦੇ ਲਗਦੇ ਹਨ:

ਸੁੱਖ 'ਚ ਵੀ
ਦੁੱਖ 'ਚ ਵੀ
ਘਾਹ ਉੱਗਦਾ ਰਿਹਾ

ਹਾਇਕੂ: ਸਭਿਆਚਾਰਕ ਪਿਛੋਕੜ

ਹਾਇਕੂ ਕਾਵਿ ਜਾਪਾਨੀ ਲੋਕਾਂ ਦੇ ਜੀਵਨ, ਸਭਿਆਚਾਰ, ਕਲਾ ਤੇ ਸਾਹਿਤ ਵਿਚ ਬੇਹੱਦ ਮਹੱਤਤਾ ਰਖਦਾ ਹੈ। ਹਾਇਕੂ ਬੜਾ ਸੰਖੇਪ ਤੇਭਾਵਨਾ ਉਪਜਾਇਕ ਹੁੰਦਾ ਹੈ।

ਹਾਇਕੂ ਰਾਹੀਂ ਕੁਦਰਤ ਤੇ ਮਨੁੱਖੀ ਜ਼ਿੰਦਗੀ ਦੋਹਾਂ ਵਿਚ ਹੀ ਇਕੋ ਸਮੇਂ ਅੰਤਰ-ਪ੍ਰਵੇਸ਼ ਕੀਤਾ ਜਾ ਸਕਦਾ ਹੈ। ਕੁਦਰਤ ਤੇ ਜ਼ਿੰਦਗੀ ਇਕੋ ਸਮੇਂ ਸਰਲ ਅਤੇ ਗੁੰਝਲਦਾਰ ਵਰਤਾਰੇ ਹਨ। ਹਾਇਕੂ ਇਨ੍ਹਾਂ ਦਾ ਸਜਿਜ ਬੋਧ ਕਰਵਾਣ ਦੀ ਸਮਰੱਥਾ ਰਖਦਾ ਹੈ। ਹਾਇਕੂ ਰਾਂਹੀ ਹਾਸਲ

ਹੋਇਆ ਇਹ ਸਹਿਜ ਬੋਧ ਬੜਾ ਸੂਖ਼ਮ ਹੁੰਦਾ ਹੈ:

ਝੜਨ ਸਮੇਂ ਵੀ
ਮਨ ਸਹਿਜ
ਪੋਸਤ ਦੇ ਫੁੱਲ (ਏਤਸੂਜਿਨ)
ਵਿਦਾ ਹੋ ਰਿਹੈ ਇਹ ਸਾਲ
ਲੁਕਾਂਦਾ ਹਾਂ ਆਪਣੇ ਚਿੱਟੇ ਵਾਲ
ਮੈਂ ਆਪਣੇ ਬਾਪ ਕੋਲੋਂ (ਏਤਸੂਜਿਨ)
ਗਰੀਬ ਬੰਦੇ ਦੇ ਘਰ 'ਚ
ਫਰਸ਼ ਉਪਰੋਂ ਲੰਘ ਗਈ
ਇਕ ਸਰਦ ਪੱਤਝੜ ਦੀ ਹਵਾ (ਤੇਈਗਾ)

ਹਾਇਕੂ ਇਸ ਸਮੇਂ ਜਾਪਾਨ ਦੀਆਂ ਸੀਮਾਵਾਂ ਟੱਪ ਕੇ ਸਮੁੱਚੇ ਸੰਸਾਰ ਦੇ ਸਾਹਿਤ ਦਾ ਮਹੱਤਵਪੂਰਨ ਅੰਗ ਬਣ ਚੁੱਕਾ ਹੈ। ਅੰਗਰੇਜ਼ੀ ਤੋਂ ਇਲਾਵਾ ਇਹ ਯੂਰਪ ਦੀਆਂ ਲਗਪਗ ਸਾਰੀਆਂ ਹੀ ਭਾਸ਼ਾਵਾਂ ਵਿਚ ਪ੍ਰਚਲਤ ਹੋ ਚੁੱਕਾ ਹੈ। ਭਾਵੇਂ ਕਿ ਇਸ ਦਾ ਪਰੰਪਰਾਵਾਦੀ ਰੂਪ ਹੋਰ ਭਾਸ਼ਾਵਾਂ ਵਿਚ ਹੂਬਹੂ ਕਾਇਮ ਰਖਣਾ ਅਸੰਭਵ ਹੈ, ਪਰ ਫਿਰ ਵੀ ਇਹ ਆਪਣੇ ਮੂਲ ਗੁਣ ਸੰਖੇਪਤਾ, ਸੂਖ਼ਮਤਾ ਤੇ ਸੁਹਜਤਾ ਨੂੰ ਦੇਸ਼-ਕਾਲ ਦੀ ਹਰ ਸੀਮਾਂ ਤੋਂ ਪਾਰ ਜਾ ਕੇ ਵੀ ਕਾਇਮ ਰਖ ਸਕਿਆ ਹੈ। ਇਹ ਹੀ ਹਾਇਕੂ ਦੀ ਪ੍ਰਾਪਤੀ ਹੈ:

ਅਦਿਖ ਹਵਾ ਨੂੰ
ਪਾਣੀ ਨੇ ਅਨੁਵਾਦ ਕੀਤਾ
ਵਹਿਣ ਦੀ ਬੁੱਤ ਤਰਾਸ਼ੀ ਨਾਲ (ਬਰੇਸੋਨ/ਅੰਗਰੇਜ਼ੀ)
ਸਾਲਾਂ ਦਾ ਭਾਰ
ਤਿੜਕਿਆ ਚੰਨ
ਬਾਪੂ ਦੀਆਂ ਅੱਖਾਂ 'ਚ (ਨਿਕੋਲਾ ਨਿਲਿਕ/ਯੁਗੋਸਲਾਵੀਆ)

ਹਾਇਕੂ ਸਮੇਂ ਤੇ ਸਥਾਨ ਦੀਆਂ ਸੀਮਾਵਾਂ ਪਾਰ ਕਰਕੇ ਯੁੱਧ ਵਿਚ ਚੱਲ ਰਹੀਆਂ ਤੋਪਾਂ ਤੇ ਬੰਦੂਕਾਂ ਵਿਚਕਾਰ ਵੀ ਆਪਣੀ ਸੂਖ਼ਮਤਾ ਤੇ

ਮਾਨਵਤਾਵਾਦੀ ਸੁਹਜ ਨੂੰ ਕਿੰਜ ਕਾਇਮ ਰਖਦਾ ਹੈ, ਇਸ ਦੀ ਉਦਾਹਰਣ ਇਹ ਹਾਇਕ੍ਯੂ ਹੈ:

ਜਹਾਜ਼ ਸੁੱਟਣ ਵਾਲੀ
ਗਰਮ ਨਾਲੀ ਬੰਦੂਕ ਦੀ
ਬਹਾਰ ਦਾ ਮੀਂਹ ਭਾਫ਼ ਬਣ ਉੱਡ ਰਿਹਾ
(ਵੀਤਾਤਾ/ਯੁਗੋਸਲਾਵੀਆ)

ਹਾਇਕ੍ਯੂ ਦੇ ਇਤਿਹਾਸਕ , ਮਨੋਵਿਗਿਆਨਕ ਤੇ ਸਭਿਆਚਾਰਕ ਪਿਛੋਕੜ ਬਾਰੇ ਜਾਪਾਨੀ ਤੇ ਵਿਦੇਸ਼ੀ ਵਿਦਵਾਨਾਂ ਨੇ ਵਿਸਥਾਰ ਵਿਚ ਕੀਤੀ ਹੈ।ਹਾਇਕ੍ਯੂ ਨੂੰ ਜਾਪਾਨੀ ਕਲਾ ਦੀ ਉੱਚਤਮ ਚੋਟੀ ਕਿਹਾ ਜਾਂਦਾ ਹੈ।

ਹਾਇਕ੍ਯੂ ਕਾਵਿ-ਰੂਪ ਵਿਚ ਪੂਰਬ ਦੇ ਸਮੁੱਚੇ ਦਰਸ਼ਨ (ਤਾਓਵਾਦ, ਬੁੱਧਵਾਰ ਤੇ ਕਨਫਿਊਸ਼ਸਵਾਦ) ਅਤੇ ਕਲਾਤਮਕ ਬੋਧ ਨੂੰ ਸਹਿਜੇ ਹੀ ਆਪਣੇ ਅੰਦਰ ਸਮੇਟ ਲੈਣ ਦੀ ਸਮਰੱਥਾ ਹੈ। ਕੋਬਾਣਾਸ਼ੀ ਇੱਸਾ ਦੇ ਕੁਝ ਹਾਈਕ੍ਯੂ ਮਿਸਾਲ ਵਜੋਂ ਪੇਸ਼ ਕਰਦਾ ਹਾਂ:

ਤਰੇਲ ਦੀ ਦੁਨੀਆਂ
ਤੇ ਤਰੇਲ ਦੇ ਇਕ ਤੁਪਕੇ ਅੰਦਰ ਵੀ
ਤਕਰਾਰ ਚਲਦਾ ਹੈ
ਫੁੱਲਦਾਨ ਕੋਲ
ਤਿਤਲੀ ਵੀ ਸੁਣਦੀ ਲੱਗੇ
ਕੋਈ ਅਨਹਦ ਨਾਦ
ਟਿੱਡੇ ਚਰ ਚਰ ਦੀਆਂ ਅਵਾਜ਼ਾਂ ਕਰਦੇ
ਵਾਰੋ ਵਾਰ ਟਪੂਸੀਆਂ ਮਾਰਦੇ
ਬਿਲਕੁਲ ਸਾਡੇ ਵਰਗੇ ਹੀ ਤਾਂ ਹਨ

ਹਾਇਕ੍ਯੂ ਦੇ ਪਿਛੋਕੜ ਵਿਚ ਪੂਰਬੀ ਏਸ਼ੀਆ ਦਾ ਸਮੁੱਚਾ ਦਰਸ਼ਨ ਕ੍ਰਿਆਸ਼ੀਲ ਹੁੰਦਾ ਹੈ। ਹਾਈਕ੍ਯੂ ਦੀਆਂ ਜੜ੍ਹਾਂ ਬੁੱਧ ਧਰਮਤੋਂ ਇਲਾਵਾ ਚੀਨੀ ਦਰਸ਼ਨ, ਤਾਓਵਾਦ ਤੇ ਕਨਫਿਊਸ਼ਿਸਵਾਦ ਵਿਚ ਵੀ ਡੂੰਘੀਆਂ

ਉਤਰੀਆਂ ਹੋਈਆਂ ਹਨ। ਹਾਇਕੂ ਦੀ ਰੂਹ ਸਮਝਣ ਲਈ ਇਨ੍ਹਾਂ ਦਾ ਮੁਢਲਾ ਗਿਆਨ ਜ਼ਰੂਰੀ ਸਮਝਿਆ ਜਾਂਦਾ ਹੈ।

ਬੁੱਧ ਧਰਮ ਜਦੋਂ ਚੀਨ ਦੇ ਤਾਓਵਾਦੀ ਤੇ ਕਨਫਿਊਸ਼ਿਅਸਵਾਦੀ ਵਿਚਾਰਾਂ ਨਾਲ ਸਦੀਆਂ ਦੀ ਰਹਿਤਲ 'ਤੇ ਸੰਵਾਦ ਰਚਾਂਦਾ ਹੈ ਤਾਂ ਜਾਪਾਨੀ ਜ਼ੇਨ ਦਾ ਜਨਮ ਹੁੰਦਾ ਹੈ। ਜਾਪਾਨੀ ਜ਼ੇਨ ਬੁੱਧ ਦਰਸ਼ਨ ਦੀ ਇਕ ਵਿਸ਼ੇਸ਼ ਧਾਰਾ ਹੈ, ਜੋ ਕਿ ਜਾਪਾਨੀ ਧਰਤੀ 'ਚੋਂ ਪੈਦਾ ਹੋਈ ਹੈ। ਹਾਇਕੂ ਦਾ ਸਿੱਧਾ ਸੰਬੰਦ ਜ਼ੇਨ-ਧਾਰਾ, ਜ਼ੇਨ-ਫ਼ਕੀਰਾਂ ਤੇ ਜ਼ੇਨ ਜੀਵਨ-ਵਿਧੀ ਨਾਲ ਹੈ।

ਹਾਇਕੂ:ਜਾਪਾਨੀ ਬੁੱਧਤਵ (ਜ਼ੇਨ)ਦੇ ਅਕਸ

ਬੁੱਧ-ਧਾਰਾ ਨੂੰ ਅਸਲੀ ਜੀਵਨ ਵਿੱਚ ਮਹਿਸੂਸ ਕਰਨ ਅਤੇ ਵਰਤਣ ਨੂੰ ਜ਼ੇਨ ਕਿਹਾ ਜਾਂਦਾ ਹੈ। ਬੁੱਧ ਪੁਰਸ਼ ਜੀਵਨ ਦੀ ਹਰ ਸਥਿਤੀ ਵਿੱਚ ਸਹਿਜ ਵਿਚਰਣ ਦੇ ਯੋਗ ਹੁੰਦਾ ਹੈ। ਆਰ.ਐੱਚ.ਬਲੇਥ ਅਨੁਸਾਰ, ''ਬੁੱਧ ਨੂੰ ਜਾਣ ਗਏ ਭਿਖੂ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੇ ਅਰਜਿਤ ਕੀਤੇ ਅਨੁਭਵ ਤੇ ਸੋਝੀ ਨੂੰ ਉਸ ਸਮੇਂ ਵੀ ਪ੍ਰਗਟ ਕਰ ਸਕੇ, ਜਦੋਂ ਕੋਈ ਲੁਟੇਰਾ ਉਸ ਲਈ ਖਤਰਾ ਬਣਦਾ ਹੈ ਜਾਂ ਫਿਰ ਦਸ ਹਜ਼ਾਰ ਲੋਕ ਉਸ ਦੀ ਤਾਰੀਫ ਵਿੱਚ ਇੱਕਠੇ ਹੋ ਜਾਂਦੇ ਹਨ ਜਾਂ ਫਿਰ ਉਹ ਅਚਾਨਕ ਮੀਂਹ ਦੀ ਵਾਛੜ ਵਿੱਚ ਫਸ ਜਾਂਦਾ ਹੈ ਜਾਂ ਉਸ ਨੂੰ ਘੰਟਿਆਂ-ਬੱਧੀ ਬੱਸ ਨੂੰ ਉਡੀਕਣਾ ਪੈਂਦਾ ਹੈ।''

ਵਿਭਿੰਨ ਸਥਿਤੀਆਂ ਵਿਚਕਾਰ ਇਕੋ ਤਰ੍ਹਾਂ ਦੀ ਮਾਨਸਿਕਤਾ ਨਾਲ ਵਿਚਰਨਾ, ਜਿਥੇ ਬਾਹਰੀ ਤੱਤ ਅੰਤਰ ਮਨ ਨੂੰ ਛੂਹ ਨਾ ਸਕਣ। ਜਿਥੇ ਨਾ ਲੁਟੇਰਾ ਹੈ, ਨਾ ਮੀਂਹ ਹੈ, ਨਾ ਉਡੀਕ ਹੈ, ਨਾ ਕੋਈ ਦਿਖਾਵਾ ਹੈ, ਨਾ ਹੀ ਕੋਈ ਦਿਖਾਵਾ ਕਰਨ ਵਾਲਾ ਬਚਿਆ ਹੈ। ਕਿਹਾ ਜਾ ਸਕਦਾ ਹੈ ਕਿ ਇਕ ਪਾਸੇ ਤਾਂ ਜ਼ੇਨ ਪੂਰੀ ਤਰ੍ਹਾਂ ਅਮਲੀ ਵਰਤਾਰਾ ਹੈ, ਦੂਸਰੇ ਪਾਸੇ ਇਹ ਪੂਰੀ ਤਰ੍ਹਾਂ ਆਦਰਸ਼ਵਾਦੀ ਤੇ ਉੱਚਤਮ ਤਰਕਵਾਦੀ ਹੈ, ਪਰ ਇਸ ਸਾਰੇ ਕਾਸੇ ਦੇ ਬਾਵਜੂਦ ਵੀ ਇਹ ਉਹੀ ਮਨੁੱਖ ਹੈ, ਜਿਹੜਾ ਕਾਗਜ਼ਾ ਤੇ ਕੁਝ ਸ਼ਬਦਾਂ ਲਿਖ ਰਿਹਾ ਹੈ ਜਾਂ ਉਹ ਮਾਂ ਹੈ, ਜਿਹੜੀ ਆਪਣੇ ਬੱਚੇ ਨੂੰ ਦੁੱਧ ਚੁੰਘਾ ਰਹੀ ਹੈ। ਇਥੇ ਬੋਧੀ ਜ਼ੇਨ-ਧਾਰਾ ਅਤੇ ਨਾਲ ਹੀ ਤਾਓਵਾਦੀ ਧਾਰਾ ਦੇ ਕੁਝ ਦਿਲਚਪਸ ਵਿਚਾਰ ਪੇਸ਼ ਕੀਤੇ ਜਾ ਰਹੇ ਹਨ, ਜਿਨ੍ਹਾਂ ਦਾ ਹਾਇਕੂ ਨਾਲ ਸਿੱਧਾ ਨਾਤਾ ਹੈ:

1) ਸ਼ਾਂਤ ਚਿਤ ਬੈਠੋ, ਕੁਝ ਵੀ ਕਰਨ ਦੀ ਲੋੜ ਨਹੀ। ਬਹਾਰ ਆਵੇਗੀ ਤੇ ਘਾਹ ਆਪਣੇ ਆਪ ਉਗਣ ਲੱਗੇਗਾ।

2) ਟੁੱਟਿਆ ਸ਼ੀਸ਼ਾ ਮੁੜ ਅਕਸ ਨਹੀਂ ਦਿਖਾਵੇਗਾ। ਝੜੇ ਪੱਤੇ ਮੁੜ ਟਹਿਣੀਆਂ ਤੇ ਨਹੀਂ ਜਾ ਲੱਗਣਗੇ।

3) ਜੀਵਨ ਤਾਂ ਉਸ ਤਲਵਾਰ ਵਾਂਗ ਹੁੰਦਾ ਹੈ, ਜਿਹੜੀ ਜ਼ਖਮੀ ਤਾਂ ਕਰ ਸਕਦੀ ਹੈ ਪਰ ਆਪ ਜ਼ਖਮੀ ਨਹੀਂ ਹੋ ਸਕਦੀ। ਇਹ ਤਾਂ ਅੱਖ ਵਾਂਗ ਹੈ ਜਿਹੜੀ ਦੇਖ ਤਾਂ ਸਕਦੀ ਹੈ ਪਰ ਆਪਣੇ ਆਪ ਨੂੰ ਦੇਖਣਾ ਇਸ ਲਈ ਸੰਭਵ ਨਹੀਂ ਹੁੰਦਾ।

4) ਕੁਕੜ ਸ਼ਾਮ ਨੂੰ ਸਰਘੀ ਵੇਲੇ ਦੀ ਬਾਂਗ ਦਿੰਦਾ ਹੈ ਤੇ ਸੂਰਜ ਅੱਧੀ ਰਾਤ ਨੂੰ ਵੀ ਚਮਕਦਾ ਹੈ।

5) ਲੱਕੜ ਦੇ ਕਾਂ ਅੱਧੀ ਰਾਤ ਨੂੰ ਕਾਂ-ਕਾਂ ਕਰਦੇ ਹਨ ਤੇ ਅਵਾਰਾ ਕੁੱਤੇ ਨਿਰਮਲ ਅਕਾਸ਼ ਵੱਲ ਢੋਂਕਦੇ ਹਨ।

6) ਪਹਾੜ, ਨਦੀਆਂ ਤੇ ਸਮੁੱਚੀ ਧਰਤੀ ਸਾਰੇ ਹੀ ਅਸਤਿਤਵ ਵੀ ਮੂਲ ਸੱਤਾ ਨੂੰ ਪ੍ਰਗਟ ਕਰਦੇ ਹਨ।

ਮੀਂਹ ਪੈਂਦਾ ਹੈ, ਫੁੱਲ ਵੀ ਝੜਦੇ ਹਨ। ਪੰਛੀ ਚਹਿਚਹਾਦਾਂ ਹੈ ਪਰ ਪਰਬਤ ਫਿਰ ਵੀ ਹੋਰ ਹੋਰ ਰਹੱਸ ਲੁਕੋਈ ਬੈਠੇ ਹਨ।

7) ਉਹ (ਕਵੀ) ਜੰਗਲ 'ਚ ਜਾਂਦਾ ਹੈ, ਪਰ ਘਾਹ ਦੀ ਇਕ ਪੱਤੀ ਤਕ ਨੂੰ ਵੀ ਅਸਥਿਰ ਨਹੀਂ ਕਰਦਾ। ਉਹ ਪਾਣੀ 'ਚ ਉਤਰਦਾ ਹੈ ਤਾਂ ਇਕ ਲਹਿਰ ਤਕ ਪੈਦਾ ਨਹੀਂ ਕਰਦਾ।

8) ਬਿਖ਼ਰ ਹਵਾਵਾਂ ਦੀ ਸਰੀਰਕ ਤਾਕਤ ਨੂੰ ਪ੍ਰਗਟ ਕਰਦਾ ਹੈ। ਲਹਿਰ ਚੰਦ ਦੀ ਰੂਹਾਨੀ ਫ਼ਿਤਰਤ ਨੂੰ ਪ੍ਰਗਟ ਕਰਦੀ ਹੈ।

9) ਬਹਾਰ ਜਾਵੋ ਤਾਂ ਤੁਸੀਂ ਬੁੱਧਨੂੰ ਮਿਲੋਗੇ,
ਘਰ ਪਰਤੋ ਤਾਂ ਤੁਸੀਂ ਬੁੱਧ ਨੂੰ ਮਿਲੋਗੇ।

10) ਵਿਸ਼ਾਲ ਸੱਖਣੇਪਣ ਵਿਚ ਅਗਲਾ ਪਿਛਲਾ ਕੁਝ ਨਹੀਂ ਹੁੰਦਾ। ਪਰਿੰਦਿਆਂ ਦੇ ਰਾਹ ਪੂਰਬ ਤੇ ਪੱਛਮ ਨੂੰ ਖ਼ਤਮ ਕਰ ਦਿੰਦੇ ਹਨ।

11) ਇਕ ਪੱਤਾ, ਇਕ ਬੁੱਧ,
ਇਕ ਵਾਲ, ਇਕ ਬੁੱਧ

12) ਮੀਂਹ ਦੇ ਵਿਚਕਾਰ ਸੂਰਜ ਦੇਖਣਾ-ਅੱਗ ਦੀ ਡੂੰਘਾਈ 'ਚੋਂ ਸਾਫ਼ ਪਾਣੀ ਖਿੱਚਣਾ-

13) ਜਦੋਂ ਕਾਈਸ਼ੂ ਦੀ ਗਾਂ ਚੈਰੀ ਦੇ ਪੱਤੇ ਖਾਂਦੀ ਹੈ
ਤਾਂ ਏਕੀਸੂ ''ਚ ਰਹਿਣ ਵਾਲੇ ਘੋੜੇ ਦਾ ਪੇਟ ਆਫਰ ਜਾਂਦਾ ਹੈ।

14) ਸੂਰਜ ਤੇ ਚੰਦ ਨੂੰ ਆਪਣੀ ਕਮੀਜ਼ ਦੀ ਬਾਂਹ 'ਚ ਵਲੇਟ ਲੈਣਾ ਤੇ ਸਮੁੱਚੀ ਸ੍ਰਿਸ਼ਟੀ ਨੂੰ ਆਪਣੀ ਤਲੀ 'ਤੇ ਸਜਾ ਲੈਣਾ।

15) ਜੇ ਤੁਹਾਨੂੰ ਉਹ ਆਪਣੇ ਆਪ ਤੋਂ ਨਹੀਂ ਮਿਲੇਗਾ ਤਾਂ ਫਿਰ ਉਸ ਨੂੰ ਲੱਭਣ ਤੁਸੀਂ ਕਿਥੇ ਜਾਵੋਗੇ?

16) ਜਿਹੜਾ ਪਾਣੀ ਗਾਂ ਪੀਂਦੀ ਹੈ ਉਹ ਦੁੱਧ ਬਣਦਾ ਹੈ ਜਿਹੜਾ ਪਾਣੀ ਸੱਪ ਪੀਂਦਾ ਹੈ ਉਹ ਜ਼ਹਿਰ ਬਣਦਾ ਹੈ।

17) ਬਹੁਤੇ ਸ਼ਬਦ ਨੇਕੀ ਨੂੰ ਜ਼ਖ਼ਮੀ ਕਰਦੇ ਹਨ ਸ਼ਬਦ-ਰਹਿਤਤਾ ਲਾਜ਼ਮੀ ਅਸਰ ਕਰਦੀ ਹੈ।

18) ਘਾਹ ਦੀ ਇਕ ਪੱਤੀ ਨੂੰ ਚੁੱਕੋ ਅਤੇ ਇਸ ਦੀ ਵਰਤੋਂ ਬੁੱਧ ਦੇ16 ਫੁੱਟੀ ਸੁਨਹਿਰੀ ਬੁੱਤ ਵਾਂਗ ਕਰੋ।

18) ਨੀਲੇ ਪਹਾੜ ਆਪਣੇ ਆਪ ਨੀਲੇ ਪਹਾੜ ਹਨ
ਚਿੱਟੇ ਬੱਦਲ ਆਪਣੇ ਆਪ ਚਿੱਟੇ ਬੱਦਲ ਹਨ।

19) ਬੁੱਢਾ ਬਿਖ਼ਰ ਰੂਹਾਨੀ ਸਿਆਣਪ ਦਸ ਰਿਹਾ ਹੈ ਲੁਕਿਆ ਪੰਛੀ ਸਦੀਵੀ ਸੱਚ ਨੂੰ ਪ੍ਰਗਟ ਕਰ ਰਿਹਾ ਹੈ।

20) ਦੇਖਣ ਸਮੇਂ ਉਹ ਦੇਖਦੇ ਨਹੀਂ
ਸੁਣਨ ਸਮੇਂ ਉਹ ਸੁਣਦੇ ਨਹੀਂ।

ਤੁਹਾਡੀ ਇੱਛਾ ਇਹ ਹੋਵੇਗੀ ਕਿ ਇਹ ਪੁਛਿਆ ਜਾਵੇ ਕਿ ਫੁੱਲ ਕਿਥੋਂ ਆਉਂਦੇ ਹਨ, ਪਰ ਬਹਾਰ ਦਾ ਦੇਵਤਾ (ਤੋਕੂਨ) ਵੀ ਇਸ ਬਾਰੇ ਕੁਝ ਨਹੀਂ ਜਾਣਦਾ।

21) ਜੇ ਤੁਸੀਂ ਕਿਸੇ ਬੁੱਧ ਨੂਮ ਸੜਕ 'ਤੇ ਮਿਲੋ,
ਤਾਂ ਉਸ ਨੂਮ ਸ਼ਬਦਾਂ ਨਾਲ ਪ੍ਰਣਾਮ ਨਾ ਕਰੋ ਅਤੇ ਨਾ ਹੀ ਚੁੱਪੀ ਨਾਲ ਪ੍ਰਣਾਮ ਕਰੋ।

22) ਪਹਿਲਾਂ ਵੀ ਪਾਣੀ, ਮਗਰ ਵੀ ਪਾਣੀ,

ਹੁਣ ਵੀ ਤੇ ਸਦਾ ਲਈ ਵੀ ਵਹਿ ਰਿਹਾ, ਪਹਿਲਾਂ ਪਾਣੀ ਮਗਰਲਾ ਪਾਣੀ, ਇਕ ਦੂਜੇ ਦੇ ਪਿੱਛੇ ਪਿੱਛੇ।

23) ਅਜਿਹੀ ਕੋਈ ਥਾਂ ਨਹੀਂ ਹੈ, ਜਿਥੇ ਮਨ ਨੂੰ ਲੱਭਿਆ ਜਾ ਸਕੇ, ਇਹ ਤਾਂ ਅਸਮਾਨ ਵਿੱਚ ਪਈਆਂ ਪੰਛੀਆਂ ਦੀਆਂ ਪੈੜਾਂ ਵਾਂਗ ਹੈ।

24) ਕੱਪੜੇ ਪਹਿਨਣੇ ਤੇ ਰੋਟੀ ਖਾਣੀ-ਕੀ ਅਜਿਹੀ ਕੋਈ ਚੀਜ਼ ਹੈ, ਜਿਸ ਦੀ ਇਨ੍ਹਾਂ ਗੱਲਾਂ ਨਾਲ ਤੁਲਨਾ ਕੀਤੀ ਜਾ ਸਕੇ?

ਇਸ ਤੋਂ ਪਰ੍ਹੇ ਨਾ ਤਾਂ ਕੋਈ ਬੁੱਧ ਹੈ ਤੇ ਨਾ ਹੀ ਕੋਈ ਧਰਮ।

25) ਇਸ ਨੂੰ ਨਾ ਬੋਲਣ ਨਾਲ ਸਿਰਜਿਆ ਜਾ ਸਕਦਾ ਹੈ

ਇਸ ਨੂੰ ਨਾ ਚੁੱਪ ਰਹਿਣ ਵਾਲਾ ਜਾਣਿਆ ਜਾ ਸਕਦਾ ਹੈ।

26) ਪੰਛੀਆਂ ਨੂੰ ਕੋਈ ਤਾਂਘ ਨਹੀਂ ਕਿ ਉਹ ਪਿੱਛੇ ਕੋਈ ਪਰਛਾਵੇਂ ਛੱਡ ਕੇ ਜਾਣ, ਪਾਣੀ ਦਾ ਕੋਈ ਮਨ ਨਹੀਂ ਕਿ ਉਨ੍ਹਾਂ ਦੇ ਪਰਛਾਵੇਂ ਨੂੰ ਸੰਭਾਲ ਕੇ ਰੱਖਿਆ ਜਾਵੇ।

27) ਜੇ ਤੁਹਾਨੂੰ ਵਿਸ਼ਵਾਸ਼ ਨਹੀਂ ਤਾਂ ਸਤੰਬਰ ਨੂੰ ਦੇਖੋ, ਅਕਤੂਬਰ ਨੂੰ ਦੇਖੋ, ਕਿਵੇਂ ਪੀਲੇ ਪੱਤੇ ਝੜਦੇ ਹਨ ਅਤੇ ਪਹਾੜਾਂ-ਦਰਿਆਵਾਂ ਨੂੰ ਭਰ ਦਿੰਦੇ ਹਨ।

27) ਪਹਾੜੀ ਦੀ ਉਚਾਈ ਤੇ ਖੜ੍ਹਾ ਰੁੱਖ ਆਪਣਾ ਵੈਰੀ ਆਪ ਹੁੰਦਾ ਹੈ।

ਹਰ ਮਨੁੱਖ ਨੂੰ ਪਤਾ ਹੈ ਕਿ ਫਾਇਦੇਮੰਦ ਹੋਣਾ ਕਿੰਨਾ ਫਾਇਦੇਮੰਦ ਹੈ।ਪਰ ਅਜਿਹਾ ਕੋਈ ਨਜ਼ਰ ਨਹੀਂ ਆਉਂਦਾ, ਜਿਸ ਨੂੰ ਇਹ ਪਤਾ ਹੋਵੇ ਕਿ ਬੇਫਾਇਦਾ ਹੋਣ ਵਿੱਚ ਕਿੰਨਾ ਫਾਇਦਾ ਹੈ।

28) ਮੱਛੀਆਂ ਪਾਣੀ 'ਚ ਜੰਮਦੀਆਂ ਹਨ ਤੇ ਮਨੁੱਖ ਤਾਓ 'ਚ ਪੈਦਾ ਹੁੰਦਾ ਹੈ।

ਜਿਸ ਮਾਰਗ ਦੀ ਵਿਆਖਿਆ ਹੋ ਸਕੇ, ਉਹ ਮਾਰਗ ਸਦੀਵੀ ਨਹੀਂ ਹੈ।

29) ਪਹੁੰਚਿਆਂ ਸੰਤ ਸ਼ਹਿਰ 'ਚ ਅਲੋਪ ਤੇ ਅਨਾੜੀ ਸੰਤ ਪਹਾੜਾਂ 'ਚ ਅਲੋਪ।

30) ਵੱਡਾ ਅਕਾਰ ਬੁੱਧ ਦਾ ਤਾਂ ਵੱਡਾ ਸਰੀਰ?ਛੋਟਾ ਅਕਾਰ ਬੁੱਧ ਦਾ ਛੋਟਾ ਸਰੀਰ?

31) ਗਹਿਣੇ ਧੋਣੇ ਚਿੱਕੜ ਵਿੱਚ!

32) ਲੋਹੇ ਦੀ ਗਾਂ ਦੇਵੇ ਪੱਥਰ ਦੇ ਆਂਡੇ।

33) ਪੱਤਿਆਂ 'ਚ ਹਰਾ ਹੋ ਜਾਵੇ, ਫੁੱਲਾਂ 'ਚ ਹੋ ਜਾਵੇ ਲਾਲ।

34) ਜੀਵਨ ਸੁਪਨਾ ਸੌ ਸਾਲ ਲੰਬਾ ਤੇ ਦੁੱਖ ਲੰਬੇ ਹਜ਼ਾਰ ਸਾਲ।

35) ਸੌਖਾ ਨਿਰਵਾਣ ਤਕ ਪਹੁੰਚਣਾ ਤੇ ਔਖਾ ਵਿਤਕਰੇ ਤੀਕ।

36) ਹਰ ਸਾਲ ਫੁੱਲ ਖਿੜਨ ਇਕੋ ਜਿਹੇ।ਹਰ ਸਾਲ ਲੋਕ ਬਦਲ ਜਾਂਦੇ।

37) ਕਿਰਸਾਨ ਖੇਤਾਂ ਵਿੱਚ ਗਾਣ, ਵਪਾਰੀ ਨੱਚਣ ਬਜ਼ਾਰ ਵਿੱਚ।

38) ਬਸੰਤ ਲੈ ਕੇ ਆਵੇ ਹਜ਼ਾਰਾਂ ਫੁੱਲ--ਭਲਾ ਕਿਸੇ ਲਈ?

39) ਹਰ ਰੋਜ਼ ਲੋਕ ਵਰਤਣ ਇਸ ਨੂੰ, ਬਗੈਂਰ ਜਾਣੇ।

40) ਮਹਿਮਾਨ ਤੇ ਮੇਜ਼ਬਾਨ ਅਦਲਣ ਬਦਲਣ ਆਪਸ 'ਚ।

41) ਸ਼ੈਤਾਨ ਦਾ ਸੰਸਾਰ ਛੱਡੇ ਬਗ਼ੈਰ ਦਾਖਲ ਹੋਣਾ ਬੁੱਧ ਦੇ ਸੰਸਾਰ ਵਿੱਚ।

42) ਆਮ ਮਨ ਹੀ ਅਸਲੀ ਮਾਰਗ।

43) ਸੋਨਾ ਗੁਆਈਏ ਟੁੱਟੀ ਇੱਟ ਹਾਸਲ ਕਰਨ ਲਈ!

44) ਇਕ ਕਦਮ, ਹਰੇਕ ਕਦਮ-ਹੈ ਆਸ਼ਰਮ।

45) ਸੰਸਾਰੀ ਜ਼ਹਿਰ ਔਖੇ ਨਿਖੇੜਨੇ ਬੋਧੀ ਚਾਨਣ ਤੋਂ.....।

46) ਇਕੋ ਚੰਦ ਹਰ ਛੱਪੜ 'ਚੋਂ ਨਜ਼ਰ ਆਵੇ।

47)ਇਕ ਅੰਨ੍ਹਾ ਅਗਵਾਹੀ ਕਰੇ ਬਾਈ ਅੰਨ੍ਹਿਆਂ ਦੀ ਤੇ ਲੈ ਜਾਵੇ ਅੱਗ ਦੇ ਬੂਹੇ, ਹੱਥ 'ਚ ਹੱਥ ਫੜ੍ਹੀ।

48) ਇਕ ਪਵਪਵਾਧਾਂ ਫੱਤਾ ਸਾਰੇ ਮੁਲਬਲਾਂ ਦੀਆਂ ਪੱਤਝੜਾ ਦਾ ਹਾਲ ਦੱਸ ਦਿੰਦਾ।

31 - ਜਾਪਾਨੀ ਹਾਇਕੂ ਸ਼ਾਇਰੀ

49)ਜੇ ਤੁਸੀਂ ਜਾਣਨਾ ਚਾਹੋ ਕਿ ਬੋਧੀਧਰਮ ਚੀਨ 'ਚ ਕਿਉਂ ਆਇਆ ਸੀ ਤਾਂ ਸ਼ਾਮ ਨੂੰ ਘੰਟੀਆ ਦੀ ਅਵਾਜ਼ ਸੁਣੋ ਤੇ ਦੇਖੋ ਡੁੱਬਦਾ ਸੂਰਜ।

50)ਨੀਲੇ ਪਹਾੜ ਮੀਂਹ ਤੋਂ ਬਾਦ ਹੋਰ ਵੀ ਨੀਲੇ।

51)ਮੂੰਹ--ਖੋਲ੍ਹੋ ਇਕਦਮ ਗ਼ਲਤ। ਜੀਭ ਹਿਲਾਈ--ਸਮਝੋ ਸੱਚ ਦੇ ਉਲਟ।

52)ਬੁਲਾਵੋਗੇ-ਕੋਈ ਜਵਾਬ ਨਹੀਂ ਮਿਲੇਗਾ। ਦੇਖੋਗੇ ਤਾਂ ਇਸ ਦਾ ਕੋਈ ਰੂਪ ਨਜ਼ਰ ਨਹੀਂ ਆਵੇਗਾ।

53)ਠੰਡ ਹੋਵੇਤਾਂ ਟੰਡ ਕਹੋ, ਗਰਮੀ ਹੋਵੇ ਤਾਂ ਗਰਮੀ ਕਹੋ।

54)ਖਾਵੋ ਜਦੋਂ ਭੁੱਖ ਲੱਗੇ।ਸੌਵੋਂ ਜਦੋ ਥੱਕ ਜਾਵੋ।

55) ਤੁਰਨਾ ਵੀ ਜ਼ੇਨ ਵਿਚਤੇ ਬਹਿਣਾ ਵੀ ਉਸੇ ਵਿਚ।

56)ਖਾਲੀ ਹੱਥ ਆਏ, ਖਾਲੀ ਹੱਥ ਗਏ।

57)ਹਲਕਾ ਵਾਲ ਦੇ ਸਿਰੇ ਜਿੰਨਾ, ਭਾਰਾ ਪਰਬਤ ਜਿੰਨਾ।

58)ਇਸ ਨੂੰ ਸਾਵਧਾਨੀ ਨਾਲ ਦੇਖੋ ਤੇ ਲੈ ਲਵੋ ਹੁਣੇ ਹੁਣੇ।ਨਹੀਂ ਤਾਂ ਇਹ ਅਲੋਪ ਹੋ ਜਾਵੇਗਾ ਇਕ ਹਜ਼ਾਰ ਸਾਲ ਲਈ।

59)ਸ਼ਬਦ ਅਸਫ਼ਲ।ਦਿਮਾਗ਼ ਅਸਫ਼ਲ

60) ਚੰਗੀ ਵਿਆਖਿਆ:ਕਦੇ ਦਸ ਸਕੇ ਨਾ ਕੁਝ।

61)ਦੇਸ਼ ਤਬਾਹ ਹੋ ਜਾਵੇਗਾ, ਪਰ ਕਾਇਮ ਰਹਿਣਗੇ ਇਸ ਦੇ ਪਹਾੜ ਤੇ ਦਰਿਆ।

62)ਜੁੱਤੀ ਦਾ ਆਕਾਰ ਠੀਕ ਕਰਨ ਲਈ ਪੈਰ ਕੱਟਣੇ ਤੇ ਮੁਟਕ ਦਾ ਆਕਾਰ ਠੀਕ ਕਰਨ ਲਈ ਸਿਰ ਵੱਢਣਾ!

63)ਹਰ ਥਾਂ ਅੱਗ ਲੱਗੇ ਘਰ ਵਰਗੀ।

64)ਦੋਸਤਾਂ ਨੂੰ ਕਵਿਤਾ ਸੁਣਾਓ ਤੇ ਵਾਈਨ ਪੀਓ ਮਿਲ ਕੇ ਮਿੱਤਰਾਂ ਨਾਲ।

65)ਵੱਡੇ ਕਾਹਲੇ ਸ਼ਹਿਰ 'ਚ ਸਾਰਾ ਦਿਨ ਗੁਆਈਆ ਲੱਭਣ ਵਿਚ, ਪਿਆ ਸੀ ਜੋ ਖਜ਼ਾਨਾ ਉਸ ਦੇ ਆਪਣੇ ਘਰ।

66)ਕਣਕਾਂ ਹੋ ਜਾਣ ਤਿਤਲੀਆਂ, ਗੰਡੋਏ ਫੁੱਲ ਹੋ ਜਾਣਗੇ ਇਕ ਦਿਨ।

67)ਕਮਾਲ ਦੀ ਤਾਕਤ, ਕਮਾਲ ਦਾ ਕਰਮ: ਪਾਣੀ ਢੋਹਣਾ ਤੇ ਲੱਕੜਾਂ ਫਾੜਨੀਅ।

68)ਅਸਮਾਨ ਨੂੰ ਦਸਤਕ ਦੇਵੋ ਤੇ ਸੁਣੋ ਅਵਾਜ਼

69)ਕਿਸ ਨੂੰ ਪਤਾ? ਇਕ ਦਿਨ ਇਹ ਛੋਟੀ ਜਿਹੀ ਪਾਣੀ ਦੀ ਧਾਰਾ ਅੱਪੜ ਜਾਏਗੀ ਨੀਲੇ ਵਿਸ਼ਾਲ ਸਾਗਰ ਦੀ ਡੂੰਘਾਈ ਤੀਕ।

70)ਆਪਣੇ ਆਪ ਦੇ ਮਾਲਕ ਬਣੋ।ਬਣੋ ਹਰ ਥਾਂ। ਫਿਰ ਤੁਸੀਂ ਜੋ ਵੀ ਕਰੋਗੇ, ਸੱਚ ਸਿੱਧ ਹੋਵੇਗਾ।

71) ਹੋਰ ਕੁਝ ਨਹੀ: ਬਸ ਇਹ!

72)ਉਪਦੇਸ਼ ਦੇਵੋਗੇ ਤਾਂ ਅਸਲੀ ਨੁਕਤਾ ਗੁੰਮ ਗੁਓਚ ਜਾਵੇਗਾ।

73)ਹਜ਼ਾਰ ਸਾਲ ਤੋਂ, ਦਸ ਲੱਖ ਸਾਲ ਤੋਂ, ਫੈਲਿਆ ਹੋਇਆ ਹੈ ਇਕ ਹਨੇਰਾ ਚਾਰੇ ਪਾਸੇ, ਭਰਿਆ ਪਿਆ ਹੈ ਹਰ ਵਾਦੀ ਵਿਚ ਤੇ ਵਗ ਰਿਹਾ ਹੈ ਹਰ ਨਦੀ ਨਾਲੇ 'ਚ।

74)ਸੌਖਾ ਹਜ਼ਾਰ ਫੌਜੀ ਇਕੱਠਾ ਕਰਨਾ, ਪਰ ਮੁਸ਼ਕਲ ਲਭਣਾ ਇਕ ਜ਼ਰਨੈਲ।

75)ਪਹਿਲਾਂ ਅਦਵੈਤ ਦੀ ਸਿੱਖਿਆ, ਹੁਣ ਦਵੈਤ ਦਾ ਉਪਦੇਸ਼।

76)ਇਕ ਛਿਣ 'ਚ ਉਹ ਗਿਆ!

77)ਫੜ੍ਹੋ ਤੂਫਾਨੀ ਘੋੜਾ ਆਪਣੇ ਮਨ ਵਾਲਾ।

78)ਐਨ ਇੱਥੇ, ਹੁਣੇ ਹੁਣੇ, ਦੇਖ ਰਹੇ ਇਕ ਦੂਜੇ ਵੱਲ।

79)ਸ਼ਬਦਾਂ ਨੂੰ ਫੜ੍ਹਨ ਵਾਲਾ ਗੁਆਚੇਗਾ ਜ਼ਰੂਰ।

80)ਦੇਖ ਰਹੇ ਇਕ ਦੂਜੇ ਵੱਲ ਤੇ ਇਕ ਦੂਜੇ ਤੋਂ ਹਜ਼ਾਰ ਮੀਲ ਦੂਰ।

ਜਾਪਾਨੀ ਬੋਧੀ ਧਾਰਾ:ਜ਼ੇਨ ਅਤੇ ਚੀਨੀ ਦਾਰਸ਼ਨਿਕ ਧਾਰਾ:ਤਾਓ ਦੇ ਹਾਇਕੂ ਵਿੱਚ ਵਿਅਕਤ ਹੋਣ ਵਾਲੇ ਪ੍ਰਮੁੱਖ ਗੁਣ ਹੇਠ ਲਿਖੇ ਅਨੁਸਾਰ ਹਨ:

1. ਸਹਿਜ ਤੇ ਸਰਲਤਾ

ਵਰਖਾ ਦੇ ਪਾਣੀ ਨਾਲ
ਭਰ ਗਈ ਬਾਲਟੀ
ਅੱਜ ਲਈ ਕਾਫੀ ਹੈ (ਸਾਨਤੋਕਾ)
ਸੁੱਖ 'ਚ ਵੀ
ਦੁੱਖ 'ਚ ਵੀ
ਘਾਹ ਉੱਗਦਾ ਰਿਹਾ (ਸਾਨਤੋਕਾ)

2. ਬੌਧਿਕਤਾ ਨਹੀਂ ਅੰਤਰ ਅਨੁਭਵ;ਬੋਝਲ ਵਿਚਾਰ ਨਹੀਂ, ਸਹਿਜ ਅਨੁਭੂਤੀ:

ਸੋਚਾਂ ਕਿਸ ਦਿਸ਼ਾ 'ਚ
ਜਾਣਾ ਹੈ ਮੈਂ?
ਬੇਫਿਕਰ ਵਗ ਰਹੀ ਹੈ ਹਵਾ

3. ਸਵਾਰਥ ਰਹਿਤ, ਹਉਮੈਂ ਰਹਿਤ:

ਇਸ ਸਾਲ ਫੇਰ
ਬੁੱਢੀ ਧਰਤੀ ਤੇ ਕਾਇਮ ਹੈ
ਕਾਨਿਆਂ ਵਾਲੀ ਇਹ ਝੁਗੀ (ਇੱਸਾ)
ਜਿਉਂਦੇ ਹੋਣ ਦੀ ਖੁਸ਼ੀ 'ਚ
ਮੈਂ ਭਰਨ ਲਗਦਾ ਹਾਂ
ਪਾਣੀ (ਸਾਨਤੋਕਾ)

4. ਹਰ ਚੀਜ਼ ਲਈ ਧੰਨਵਾਦ ਹੋਣ ਦਾ ਡੂੰਘਾ ਅਹਿਸਾਸ:

ਪਾਲੇ ਦੀ ਵਰਖਾ
ਲੋਕ ਕਿੰਨੇ ਰਹਿਮ ਦਿਲ ਸਨ
ਸੋਚ ਕੇ ਅੱਖਾਂ 'ਚ ਹੰਝੂ ਭਰ ਆਏ (ਸਾਨਤੋਕਾ)
ਦੁੱਖਾਂ ਬਰਿਆ ਇਹ ਸੰਸਾਰ
ਫੁੱਲ ਖਿੜਦੇ ਫਿਰ ਵੀ
ਬਾਰ ਬਾਰ (ਇੱਸਾ)

5. ਸਦਾਚਾਰ ਤੋਂ, ਚੰਗੇ ਮਾੜੇ ਤੋਂ ਪਾਰ:

ਗੁੱਸੇ ਤੇ ਜ਼ਖ਼ਮੀ ਮਨ ਨਾਲ
ਪਰਤਿਆ ਮੈਂ
ਬਾਗ਼ ਵਾਲੇ ਉਸ ਬਾਂਸ ਤੋਂ (ਰਯੋਤਾ)
ਹਰ ਦਿਨ ਮਿਲੀਏ ਅਸੀਂ
ਸ਼ੈਤਾਨ ਨੂਮ ਵੀ
ਤੇ ਬੁੱਧ ਨੂਮ ਵੀ (ਸਾਨਤੋਕਾ)

6. ਉਦਾਸੀ ਤੇ ਇਕੱਲਤਾ ਦਾ ਲਾਜ਼ਮੀ ਤੱਤ:

ਕੀੜੀਓ ਤੁਹਾਨੂੰ ਵੀ ਤਾਂ
ਇਹ ਰਾਤ ਲੰਬੀ ਲਗਦੀ ਹੋਵਗੀ
ਤੇ ਇਕੱਲਤਾ ਵੀ ਤਾਂ ਹੈ (ਇੱਸਾ)
ਬਿਨਾਂ ਇਸੇ ਮੰਜ਼ਿਲ ਦੇ
ਮੈਂ ਤੁਰਿਆ ਫਿਰਾਂ
ਕਬਰਾਂ ਦੇ ਵਿਚਕਾਰ
ਬਸੰਤ ਜਾ ਰਹੀ
ਪੰਛੀ ਰੋ ਰਹੇ, ਹੰਝੂ
ਮੱਛੀ ਦੀਆਂ ਅੱਖਾਂ ਵਿਚ

7. ਸ਼ਬਦਹੀਣਤਾ ਤੇ ਖ਼ਾਮੋਸ਼ੀ:

ਇਕ ਪਰਿੰਦਾ
ਕਮਾ ਰਿਹਾ ਰਿਜ਼ਕ
ਚੁੱਪ ਚਾਪ (ਇੱਸਾ)
ਕੀਟ ਪਤੰਗੇ ਗਾਂਦੇ ਹਨ
ਪਰ ਕੀੜੀ ਚੁੱਪ ਰਹਿ ਕੇ ਵੀ
ਆਪਣੀ ਹੋਂਦ ਜਤਲਾ ਜਾਂਦੀ (ਇੱਸਾ)
ਪਸਰੀ ਚੁੱਪ ਵਿੱਚ
ਟਿੱਡੇ ਦੀ ਆਵਾਜ਼

ਚੱਟਾਨਾਂ ਨੂੰ ਛੇਦ ਰਹੀ (ਬਾਸ਼ੋ)

8. ਸਵੈ-ਵਿਰੋਧੀ ਪਰ ਸੁਭਾਵਕ ਵਰਤਾਰੇ:

ਤਿਆਰ ਹੋ ਰਹੇ ਨੇ
ਮਰਨ ਲਈ
ਸੁੱਕੇ ਘਾਹ ਦੇ ਪੱਤੇ (ਸਾਨਤੋਕਾ)
ਤਿਆਰ ਹੋ ਰਹੇ ਨੇ
ਮਰਨ ਲਈ
ਉਗਦੇ ਘਾਹ ਦੇ ਪੱਤੇ (ਸਾਨਤੋਕਾ)

9. ਸਮੁੱਚੇ ਅਸਤਿਤਵ ਲਈ ਪਿਆਰ ਦਾ ਭਾਵ:

ਪਾਲੇ ਦੀ ਪਹਿਲੀ ਵਰਖਾ
ਬਾਂਦਰ ਦੀ ਬਰਸਾਤੀ ਲਈ
ਲੋੜੀਂਦਾ ਜਾਪ ਰਿਹਾ (ਬਾਸ਼ੋ)
ਅਸੀਂ ਤੈਨੂੰ ਘਰ ਕਿਰਾਏ ਤੇ ਦਿੰਦੇ ਹਾਂ
ਜਦ ਤਕ ਤੇਰੇ ਬੋਟ ਪਲ ਨਹੀਂ ਜਾਂਦੇ
ਨੀ ਚਿੜੀਏ! (ਇੱਸਾ)

10. ਹਾਸ-ਰਸ ਤੇ ਮਜ਼ਾਕ:

ਡੱਡੂ ਵਿੱਚ
ਦੋਵੇਂ ਗੁਣ
ਗਾਣ ਦਾ ਵੀ, ਲੜਨ ਦਾ ਵੀ! (ਤੇਈਸ਼ੀਤਸੂ)
ਬੀਂਡਿਆਂ ਦੀ ਦੁਨੀਆਂ ਵਿੱਚ ਵੀ
ਕੁਝ ਚੰਗੇ
ਤੇ ਕੁਝ ਮਾੜੇ ਗਾਣ ਵਾਲੇ! (ਇੱਸਾ)

11. ਪਦਾਰਥ ਤਟ ਠੋਸ ਵੀ, ਜੜਤ ਮਹੱਤਵਪੂਰਨ:

ਠੰਡਾ ਪਾਣੀ
ਦੋ ਬਿਸਕੁਟ
ਇਹ 'ਚੋਰੇ'ਦੀ ਗਰਮੀ ਰੁੱਤ (ਚੋਰਾ)

ਪੱਥਰਾਂ ਦੇ ਸ਼ਿਲਾਲੇਖ
ਚੱਟਾਨਾਂ ਉਪਰੋਂ ਝਾਕਣ
ਪਥਰੀਲੇ ਰਾਹ ਵੱਲ (ਬਾਸ਼ੋ)

12. ਸਦੀਵੀ ਰਵਾਨੀ ਭਾਵ ਨਿਰੰਤਰ ਚਲੋ-ਚਲ ਵਾਲਾ ਸੰਸਾਰ:
ਤਰੇਲ ਦੇ ਮੋਤੀ
ਹਰ ਇਕ ਵਿਚ ਨਜ਼ਰ ਆਵੇ
ਮੈਨੂੰ ਆਪਣਾ ਘਰ (ਇੱਸਾ)
ਕੁਰਲਾਂਦੀਏ ਕੂੰਜੇ
ਹਰ ਥਾਂ ਇਕੋ ਜਿਹਾ ਹੈ
ਇਹ ਵਹਿੰਦਾ ਸੰਸਾਰ (ਇੱਸਾ)

ਹਾਇਕੂ:ਲਿਖਣ ਬਾਰੇ

ਜਾਪਾਨ ਵਿੱਚ ਹਰ ਵਿਅਕਤੀ ਕਦੇ ਨਾ ਕਦੇ ਹਾਇਕੂ ਜ਼ਰੂਰ ਲਿਖਦਾ ਹੈ। ਇਥੋਂ ਤਕ ਕਿ ਬੱਚੇ ਵੀ ਹਾਇਕੂ ਲਿਖਣਾ ਲਿਖਣਾ ਪਸੰਦ ਕਰਦੇ ਹਨ। ਆਪਣੇ ਵਿਸ਼ੇਸ਼ ਰੂਪ ਦੇ ਸੁਭਾਅ ਕਰਕੇ ਹਾਇਕੂ ਦੁਨੀਆਂ ਭਰ ਦੇ ਲੋਕਾਂ ਵਿੱਚ ਪ੍ਰਚਲਤ ਹੋਇਆ ਹੈ।

ਹਾਇਕੂ ਲਿਖਣ ਲਈ ਸਥਾਪਤ ਜਾਂ 'ਵੱਡਾ' ਕਵੀ ਹਯੋਣਾ ਜ਼ਰੂਰੀ ਨਹੀਂ ਹੈ। ਮਨੁੱਖੀ ਜੀਵਨ ਦੇ ਆਲੇ-ਦੁਆਲੇ ਵਾਪਰ ਰਹੀਆਂ ਸਹਿਜ ਤੇ ਆਮ ਗੱਲਾਂ ਵਿੱਚ ਪਈ ਕਾਵਿਕਤਾ ਨੂੰ ਪਛਾਣ ਲੈਣਾ ਜਾਂ ਫੜ੍ਹ ਲੈਣਾ ਹੀ ਹਾਇਕੂ ਦੀ ਬੁਨਿਆਦ ਹੈ:

ਵੱਡਾ ਬਿਰਖ ਵੀ
ਮੈਂ ਵੀ, ਕੁੱਤਾ ਵੀ
ਭਿੱਜ ਰਹੇ ਕਿਣਮਿਣ ਹੇਠ (ਸਾਨਤੋਕਾ)

ਸਾਨਤੋਕਾ ਤੁਰਿਆ ਜਾ ਰਿਹਾ ਹੈ। ਅਚਾਨਕ ਹਲਕੀ ਬਾਰਸ਼ ਸ਼ੁਰੂ ਹੋ ਗਈ ਹੈ। ਉਹ ਆਪਣੇ ਆਲੇ-ਦੁਆਲੇ ਦੇਖਦਾ ਹੈ ਕਿ ਸਿਰਫ ਉਹ ਹੀ ਨਹੀਂ, ਸਗੋਂ ਚੌਗਿਰਦੇ 'ਚ ਨਜ਼ਰ ਆ ਰਹੀ ਹਰ ਚੀਜ਼ ਹੀ ਭਿੱਜ ਰਹੀ ਹੈ। ਇਥੇ ਕਵੀ ਨੂੰ ਕੁਦਰਤ ਦੀ ਵਿਤਕਰਾ ਰਹਿਤ ਫਿਤਰਤ ਦਾ ਅਹਿਸਾਸ ਹੁੰਦਾ ਹੈ। ਕੁਦਰਤ ਜੋ ਵੀ ਦੇ ਰਹੀ ਹੈ, ਹਰ ਕਿਸੇ ਨੂੰ ਸਹਿਜ ਸੁਭਾਅ ਤੇ ਬਗ਼ੈਰ ਕੋਈ ਭੇਦ ਕੀਤਿਆਂ ਦੇ ਰਹੀ ਹੈ।

ਕੁਝ ਵਿਦਵਾਨ ਅਨੁਭਵ ਦੇ ਇਸ ਕੇਂਦਰੀ ਨੁਕਤੇ ਨੂੰ ਹਾਇਕੂ-ਛਿਣ ਦਾ ਨਾਮ ਦਿੰਦੇ ਹਨ। ਕੇਨਨੇਥ ਯਾਸੂਦਾ ਅਨੁਸਾਰ, "ਇਕ ਅਜਿਹਾ ਸਾਹਿਤ ਰੂਪ ਵੀ ਸੰਭਵ ਹੁੰਦਾ ਹੈ, ਜਿਸ ਅੰਦਰ ਸ਼ਬਦ ਆਪ ਵੀ ਨਾਲੋ ਨਾਲ ਕਿਸੇ ਘਟਨਾ ਵਾਂਗ ਵਾਪਰਨ ਲੱਗਦੇ ਹਨ। ਜਦੋਂ ਇਸ ਤਰ੍ਹਾਂ ਦਾ ਸੁਹਜਾਤਮਕ ਛਿਣ ਵਾਪਰਦਾ ਹੈ ਤਾਂ ਇਹ ਹਾਇਕੂ-ਛਿਣ ਅਖਵਾਂਦਾ।"

ਹਾਇਕੂ ਛਿਣ ਇਕ ਪ੍ਰਕਾਰ ਦਾ ਸੁਹਜਾਤਮਕ ਛਿਣ ਹੀ ਹੁੰਦਾ ਹੈ- ਅਜਿਹਾ ਛਿਣ ਜਿਸ ਅੰਦਰ ਅਨੁਭਵ ਨੂੰ ਸਿਰਜਣ ਵਾਲੇ ਸ਼ਬਦ ਅਨੁਭਵ

ਨਾਲ ਇਕ ਮਿਕ ਹੋ ਜਾਂਦੇ ਹਨ। ਹਾਇਕੂ ਛਿਣ ਦਾ ਸੁਭਾਅ ਅਲੌਕਿਕ ਹੈ ਤੇ ਇਸ ਦੇ ਗੁਣ ਸਦੀਵੀ ਹਨ। ਅਜਿਹਾ ਅਵਸਥਾ ਵਿੱਚ ਮਨੁੱਖ ਅਤੇ ਉਸ ਦਾ ਚੁਗਿਰਦਾ ਇਕ ਰੂਪ ਸਮੁੱਚਤਾ ਜਾਂ ਇਕਾਈ ਬਣ ਜਾਂਦੇ ਹਨ, ਜਿਸ ਵਿੱਚ ਸਮੇਂ ਦਾ ਬੋਧ ਬਾਕੀ ਨਹੀਂ ਰਹਿੰਦਾ।

ਯੁਸੂਦਾ ਨੇ ਹਾਇਕੂ ਦੇ ਰੂਪਕ ਪੱਖ ਬਾਰੇ ਗੱਲ ਕਰਦਿਆਂ ਕਿਹਾ ਹੈ ਕਿ ਹਾਇਕੂ ਵਿੱਚ ਕਵੀ ਆਮ ਤੌਰ ਤੇ ਕਿਸੇ ਵਿਸ਼ੇਸ਼ ਵਸਤੂ-ਵਰਤਾਰੇ ਨੂੰ ਪੇਸ਼ ਕਰਦਾ ਹੈ, ਜਿਸ ਦੇ ਅੰਦਰ ਤੇ ਬਾਹਰ ਦਾ ਅਨੁਭਵ ਉਸ ਨੂੰ ਹੁੰਦਾ ਹੈ ਅਤੇ ਇਹ ਸਾਹ ਤੋਂ ਲੰਮੇਰਾ ਨਹੀਂ ਹੋ ਸਕਦਾ। ਉਹ ਹਾਇਕੂ ਦੇ ਇਸ ਸੀਮਤ ਰੂਪ ਨੂੰ ਸਵੀਕਾਰ ਕਰਦਾ ਹੋਇਆ ਸਿਧਾਤਕ ਤੌਰ ਤੇ ਇਸ ਦੇ ਤਿੰਨ ਪਾਸਾਰ ਨਿਖੇੜਨ ਦੀ ਕੋਸ਼ਿਸ਼ ਕਰਦਾ ਹੈ। ਉਸ ਅਨੁਸਾਰ ਹਾਇਕੂ ਅੰਦਰ ਵਾਪਰ ਰਹੀ ਕਾਵਿ-

ਮਾਤਸੂਓ ਬਾਸ਼ੋ (1644–1694)

ਕਰਮ

ਪਤਝੜ ਦੀ ਚਾਨਣੀ ਰਾਤ
ਇਕ ਕੀੜਾ ਚੁੱਪਚਾਪ
ਛੇਦ ਰਿਹਾ ਬਿਰਖ਼ ਦੀ ਟਾਹਣੀ

ਬਿਰਖ਼ 'ਤੇ ਕਾਂ

ਸੁੱਕੇ ਬਿਰਖ਼ ਦੀ ਟਾਹਣੀ 'ਤੇ
ਕਾਂ ਇਕ ਆਣ ਬੈਠਾ
ਪੱਤਝੜ ਦਾ ਮੌਸਮ ਹੈ ਆ ਗਿਆ

ਸੁੰਨੇ ਮਾਰਗ

ਇਹ ਮਾਰਗ-
ਕੋਈ ਨਹੀਂ ਇਸ 'ਤੇ
ਪੱਤਝੜ ਦੀ ਸ਼ਾਮ ਅੰਦਰ

ਗ਼ੈਰ ਹਾਜ਼ਰ ਆਪੇ

ਹਯੋਤੋ ਸ਼ਹਿਰ ਵਿਚ
ਕੋਇਲ ਦੀ ਕੂਕ ਸੁਣਦੇ ਸਮੇਂ

ਮੈਂ ਕਯੋਤੋ ਸ਼ਹਿਰ ਨੂੰ ਯਾਦ ਕਰਾਂ

ਇਕਾਂਤਵਾਸ

ਸਾਲ ਦੀ ਪਹਿਲੀ ਬਰਫ਼
ਕਿੰਨਾ ਖੁਸ਼ਕਿਸਮਤ ਇਕਾਂਤਵਾਸੀ
ਮੈਂ ਆਪਣੀ ਕੁਟੀਆ ਵਿਚ

ਇਕੱਲੀ ਸੋਚ

ਨਵੇਂ ਸਾਲ ਦਾ ਪਹਿਲਾ ਦਿਨ
ਹਰ ਸੋਚ ਇੰਜ ਇਕੱਲੀ
ਜਿਵੇਂ ਪੱਤਝੜ ਦੀ ਕੋਈ ਸ਼ਾਮ

ਵਰਖਾ ਤੇ ਬਗਲੇ

ਬਗਲੇ ਦੀਆਂ ਲੱਤਾਂ
ਸੁੰਗੜ ਗਈਆਂ ਜਾਪਣ
ਬਹਾਰ ਦੀ ਵਰਖਾ ਅੰਦਰ

ਬਾਂਦਰ, ਮਦਾਰੀ ਤੇ ਸੰਸਾਰ

ਬਾਂਦਰ ਦਾ ਮਾਲਕ
ਕਰੇ ਅਗਵਾਹੀ ਬਾਂਦਰ ਦੀ ਵਿਚ ਸੰਸਾਰ ਦੇ
ਉਪਰ ਚੜ੍ਹਿਆ ਪੱਤਝੜ ਦਾ ਚੰਨ

ਸਦਾ ਬਹਾਰ

ਨਵੀਂ ਬਹਾਰ ਦਾ ਮੁੰਢ
ਆਪਣੀ ਉਹੀ ਪੁਰਾਣੀ ਦੌਲਤ
ਚੌਲਾਂ ਦੀ ਇਕ ਮੁੱਠੀ

ਬਰਫ਼ੀਲੀ ਸਵੇਰ

ਘੋੜਾ ਵੀ
ਮੇਰਾ ਧਿਆਨ ਖਿੱਚੇ
ਇਸ ਬਰਫ਼ੀਲੀ ਸਵੇਰ ਵਿਚ

ਸ਼ੁੱਧੀ

ਮੇਰੇ ਕੰਨ ਸ਼ੁੱਧ ਹੋ ਗਏ
ਧੂੜਬੱਤੀ ਨਾਲ
ਹੁਣ ਮੈਂ ਸੁਣ ਸਕਾਂ ਕੋਇਲ ਦੀ ਕੂਕ

ਬੇਲਾਗ

ਪਿੱਛੇ ਮੁੜ ਕੇ ਦੇਖਿਆ ਨਾ
ਛੱਡ ਗਿਆ ਉਹ ਕੁਟੀਆ
ਤੁਰਿਆ ਓਗਲੀ ਵੱਲ

ਮਨ ਅੰਦਰ

ਠੰਡੀ ਹਵਾ ਨੇ ਵਿੰਨ੍ਹਿਆ ਸਰੀਰ
ਖਿਲਰੀਆਂ ਹੱਡੀਆਂ
ਮੇਰੇ ਮਨ ਅੰਦਰ

ਆਦਿ-ਅੰਤ

ਬਹਾਰ ਦਾ ਪਹਿਲਾ ਦਿਨ
ਤੇ ਮੈਂ ਸੋਚੀ ਜਾ ਰਿਹਾਂ
ਪੱਤਝੜ ਦੇ ਅੰਤ ਬਾਰੇ

ਛਿਣ-ਭੰਗਰ

ਇਹ ਕੋਹਰਾ ਪੱਤਝੜੀ
ਖੁਰ ਜਾਵੇਗਾ
ਮੇਰੀ ਹਥੇਲੀ 'ਤੇ

ਇਕ ਸਮਾਨ

ਬਸੰਤ ਆਣ ਉਤਰੀ
ਇਸ ਬੇਮਾਨ ਪਹਾੜ 'ਤੇ
ਸਵੇਰ ਦੀ ਧੁੰਨ ਅੰਦਰ

ਫੁੱਲਾਂ ਦੀ ਯਾਦ

ਕਦੇ ਨਾ ਭੁੱਲੀਂ
ਝਾੜੀ ਦੇ ਮੱਧ-ਵਿਚਕਾਰ
ਖਿੜਿਆ ਇਹ ਫੁੱਲ

ਕੁਦਰਤ ਬਲਿਹਾਰੀ

ਧੰਨਵਾਦ 'ਚ ਡੁੱਬੇ
ਅਸੀਂ ਗਾ ਰਹੇ ਬੁੱਧ ਦੇ ਸੂਤਰ
ਖਿੜੇ ਸਾਕੁਰਾ ਦੇ ਫੁੱਲਾਂ ਮੁਹਰੇ

ਹਾਲੇ ਵੀ...

ਪੱਤਝੜ ਦੇ ਅੰਤਮ ਦਿਨ–
ਕਿੰਨੀਆਂ ਰਾਤਾਂ ਰਾਹਾਂ 'ਤੇ ਬਿਤਾ ਕੇ
ਮਰਿਆ ਨਹੀਂ ਉਹ ਹਾਲੇ ਵੀ

ਅਵਾਜ਼ਾਂ ਦੇ ਰੰਗ

ਹਨ੍ਹੇਰੇ 'ਚ ਡੁੱਬ ਰਿਹਾ ਸਾਗਰ
ਤੇ ਜੰਗਲੀ ਬੱਤਖ ਦੀ ਆਵਾਜ਼
ਹਲਕੀ ਸਫ਼ੇਦ

ਸਫ਼ਰ ਬੇਅੰਤ

ਬੀਤ ਗਿਆ ਸਾਲ ਇਕ ਹੋਰ
ਹੱਥ 'ਚ ਟੋਪੀ ਸਫ਼ਰ ਵਾਲੀ
ਤੇ ਹਾਲੇ ਵੀ ਜੁੱਤੀ ਪੈਰਾਂ ਵਿਚ...

ਈਰਖਾ ਰਹਿਤ

ਬਲੂਤ ਦਾ ਬਿਰਖ਼
ਕੋਈ ਰੁਚੀ ਨਹੀਂ ਰਖਦਾ
ਸਾਕੁਰਾ ਦੇ ਫੁੱਲਾਂ ਵਿਚ

ਜੋਬਨ

ਚਹਿਚਹਾਟ ਸੁਣ ਕੇ ਉਨ੍ਹਾਂ ਦੀ
ਆਵੇਨਾ ਵਿਸ਼ਵਾਸ
ਕਿ ਜਲਦ ਹੀ ਮਰ ਜਾਣਗੇ ਇਹ ਟਿੱਡੇ

ਚੁੱਪ ਦੀਆਂ ਲਹਿਰਾਂ

ਪੁਰਾਣੇ ਤਲਾਅ ਵਿਚ
ਡੱਡੂ ਦੀ ਛਲਾਂਗ
ਪਾਣੀ ਦੀ ਆਵਾਜ਼

ਠੰਡੀ ਕੁਦਰਤ

ਧਿੱਕਾਰੇ ਕਾਂ
ਕਿੰਨੇ ਵੱਖਰੇ ਲੱਗਣ ਅੱਜ ਸਵੇਰ
ਉਹ ਗਿਰੀ ਬਰਫ਼ ਤੋਂ ਬਾਦ

ਵਿਦਾਈ

ਬਹਾਰ ਵਿਦਾ ਹੋ ਰਹੀ

ਪੰਛੀ ਰੋ ਰਹੇ
ਤੇ ਹੰਝੂ ਵਹਾਣ ਮੱਛੀਆਂ

ਉਹ ਪਲ

ਕਿੰਨਾਂ ਅਦਭੁਤ!
ਅਸਮਾਨੀ ਬਿਜਲੀ ਦੇਖਣਾ ਤੇ ਕੁਝ ਨਾ ਸੋਚਣਾ
ਜ਼ਿੰਦਗੀ ਵਹਿ ਰਹੀ

ਫ਼ਕੀਰੀ

ਠੰਡੀ ਵਰਖਾ ਸ਼ੁਰੂ ਹੋ ਰਹੀ
ਤੇ ਛਤਰੀ ਨਾ ਮੇਰੇ ਕੋਲ
ਫੇਰ...?ਖ਼ੈਰ...!

ਹਿੰਸਾ-ਅਹਿੰਸਾ

ਪਹਿਲਾਂ ਉਤੇਜਿਤ
ਫਿਰ ਉਦਾਸ ਹੋਇਆ
ਮੱਛੀ ਦਾ ਸ਼ਿਕਾਰ ਕਰਦੇ ਪੰਛੀ ਦੇਖ ਕੇ

ਵਹਿਣ

ਮੋਗਾਮੀ ਨਦੀ
ਵਹਾ ਲੈ ਗਈ ਹੈ ਪਤਦਾ ਸੂਰਜ
ਸਾਗਰਾਂ ਅੰਦਰ

ਚਿੜੀਆਂ ਦੀ ਖੁਸ਼ੀ

ਚਿੜੀਆਂ ਸਰ੍ਹੋਂ ਦੇ ਖੇਤਾਂ 'ਚ
ਚਿਹਰੇ ਤੇ ਪ੍ਰਭਾਵ
ਜਿਵੇਂ ਫੁੱਲਾਂ ਨੂੰ ਨਿਹਾਰ ਰਹੀਆਂ

ਬੇਲਾਗ ਖੁਸ਼ੀ

ਖੇਤਾਂ ਦਾ ਮੱਧ ਵਿਚਕਾਰ
ਕਿਸੇ ਨਾਲ ਜੁੜਿਆ,
ਪੰਛੀ ਗਾ ਰਿਹਾ

ਅੱਜ ਦਾ ਦਿਨ

ਉੱਠ ਜਾ, ਉੱਠ ਜਾ ਹੁਣ,
ਅੱਜ ਦੇ ਦਿਨ ਤੂੰ ਮੇਰੀ ਸਹੇਲੀ

ਨੀ ਸੁੱਤੀਏ ਤਿਤਲੀਏ!

ਪਾਲੇ ਵਾਲਾ ਸੂਰਜ

ਪਾਲੇ ਵਾਲਾ ਸੂਰਜ ਚੜ੍ਹਿਆ
ਤੇ ਘੋੜੇ ਦੂ ਪਿੱਠ ਤੇ
ਜੰਮ ਗਿਆ ਪਰਛਾਵਾਂ ਮੇਰਾ

ਰਹੱਸ

ਮੈਨੂੰ ਨਹੀਂ ਪਤਾ
ਕਿਹੜੇ ਬਿਰਖ ਤੋਂ ਹੈ ਆ ਰਹੀ
ਇਹ ਭਿੰਨੀ ਭਿੰਨੀ ਖੁਸ਼ਬੂ

ਕੋਇਲ ਦਾ ਰੁਤੇਵਾਂ

ਗਾਵੇ....ਉੱਡੇ...ਗਾਵੇ
ਕੋਇਲ ਤਾਂ
ਸਦਾ ਰੁੱਝੀ ਰੁੱਝੀ ਰਹੇ

ਸ੍ਰੀਮਾਨ ਪਰਿੰਦੇ!

ਪਾਣੀ ਬੇਹੱਦ ਠੰਢਾ
ਤੈਥੋਂ ਇਕ ਪਲ ਸੋਂ ਨਹੀਂ ਹੋਣਾ
ਸ੍ਰੀਮਾਨ ਤਟਵਰਤੀ ਪਰਿੰਦੇ ਜੀਓ!

ਸੁਆਗਤ ਬਹਾਰ ਦਾ

ਸਾਰੇ ਘਰ ਖਾਲੀ ਪਏ
ਅੱਜ ਕਯੋਟੋ ਸ਼ਹਿਰ ਦੇ
ਦੇਖਣ ਗਏ ਨੇ ਸਾਰੇ ਸਾਕੁਰਾ ਦੇ ਫੁੱਲ

ਨੀਂਦ

ਨੀਂਦ ਦਾ ਠੌਂਕਾ ਲੈ ਰਹੇ
ਬੰਦੇ ਦੇ ਪੈਰ ਬੀਜੇ ਜਾਪਣ
ਠੰਢੀ ਕੰਧ ਦੇ ਕੋਲ

ਅਲਵਿਦਾ!ਬਹਾਰ....

ਸਰਦ ਤੇ ਸੁੱਕੇ
ਖਿੜੇ ਉਦਾਸੀ ਸੰਗ
ਸਾਕੁਰਾ ਦੇ ਅੰਤਮ ਫੁੱਲ

ਉਦਾਸੀ

ਸਰਦ ਰੁੱਤ, ਮੰਦਰ ਇਕਾਂਤ
ਰੋਣ ਵਰਗੀ ਲੱਗੇ
ਕੇਤਲੀ ਦੀ ਆਵਾਜ਼

ਯਤਨ

ਸਾਫ ਪਰ ਖੁਰਨਸੀਲ ਤਰੇਲ-ਤੁਪਕੇ ਨਾਲ
ਮੈਂ ਧੂੜ ਧੋਣ ਦੀ ਕੋਸ਼ਿਸ਼ ਕਰਾਂ
ਇਸ ਵਹਿਣਸ਼ੀਲ ਸੰਸਾਰ ਦੀ

ਸਰਦ ਰੁੱਤਾਂ

ਪੱਥਰ ਮਰ ਗਏ
ਪਾਣੀ ਸੁੱਕ ਗਏ
ਸਰਦ ਰੁੱਤ 'ਚ ਬਾਕੀ ਰਿਹਾ ਨਾ ਕੁਝ

ਅੱਗੇ ਪਿੱਛੇ

ਕਬਰਾਂ ਤੇ ਮੱਥਾ ਟੇਕ ਰਹੇ
ਸਫੇਦ ਵਾਲਾ ਵਾਲੇ ਬਜ਼ੁਰਗ
ਆਪਣੀਆਂ ਖੂੰਡੀਆਂ ਤੇ ਝੁਕੇ ਹੋਏ

ਪਥਰੀਲੇ ਰਾਹ

ਪੱਥਰਾਂ ਦੇ ਸ਼ਿਲਾਲੇਖ
ਝਾਕਣ ਚੱਟਾਨਾਂ ਉਪਰੋਂ
ਪੱਥਰੀਲੇ ਰਾਹ ਵੱਲ

ਮੇਰੇ ਵਰਗਾ

ਪਾਲੇ ਦੀ ਪਹਿਲੀ ਵਰਖਾ
ਬਾਂਦਰ ਵੀ ਬਰਸਾਤੀ ਲਈ
ਲੋੜੀਂਦਾ ਜਾਪ ਰਿਹਾ

ਵਿਤਕਰਾ ਮੁਕਤ ਫੁੱਲ

ਫੁੱਲਾਂ ਦੇ ਖੇੜੇ ਹੇਠ
ਇਕ ਤੇਜੱਸਵੀ ਵੀ
ਤੇ ਬੇਵਫ਼ਾ ਪਤਨੀ ਵੀ

ਯਾਦ

ਚਿਰ ਹੋਏ ਗੁਜ਼ਰੇ ਮਾਂ ਤੇ ਬਾਪ
ਪਰਤੇ ਮੁੜ ਅਚਾਨਕ
ਕਿਸਾਨ ਦੇ ਬੋਲਾਂ ਅੰਦਰ

ਅਪਣਤ

ਅੱਧੀ ਰਾਤ ਕੋਹਰਾ ਪਵੇ
ਲੈ ਜਾਵਾਗਾ ਮੈਂ ਉਧਾਰ
ਉਸ ਡਰਨੇ ਦਾ ਕੁੜਤਾ

ਸੁਰਖਿਆ

ਤਰਕਾਲਾ ਢਲੀਆਂ
ਮੱਧਮ ਪਈ ਬਾਜ ਦੀ ਅੱਖ
ਤੇ ਚਹਿਚਹਾਉਣ ਲਗਾ ਹੈ ਬਟੇਰਾ

ਚਲਾਇਮਾਨਤਾ

ਪਾਲੇ ਦੀ ਵਰਖਾ
ਖੇਤਾਂ ਦੀ ਵੱਢ
ਕਾਲੀ ਪੈ ਰਹੀ

ਭਰਮ

ਕਿੰਨਾ ਮੂਰਖ!ਹਨੇਰੇ ਵਿੱਚ
ਮੈਂ ਕੰਡੇ ਨੂੰ ਫੜ੍ਹ ਬੈਠਾ
ਜੁਗਨੂੰ ਦੇ ਭੁਲੇਖੇ

ਕੋਮਲ ਹੋਏ ਮਨ

ਪੰਛੀ ਫੜ੍ਹਨ ਵਾਲਾ
ਸੁੱਟ ਦੇਵੇ ਆਪਣੀ ਟੋਪੀ ਤੇ ਛੜੀ
ਕੋਇਲ ਦੀ ਸਿੱਖਿਆ ਦਾ ਅਸਰ

ਕੋਇਲ, ਕਵੀ ਤੇ ਸੰਸਾਰ

ਕੋਇਲ ਦਅੀ ਕੂਕ
ਵਹਾ ਕੇ ਲੈ ਗਈ ਹਾਇਕੂ ਸ਼ਾਇਰ ਨੂੰ
ਇਸ ਸੰਸਾਰ ਤੋਂ ਪਰ੍ਹਾਂ....

ਅੱਧ ਬਣੇ ਪੁਲ

ਮੌਸਮ ਦੀ ਪਹਿਲੀ ਬਰਫ

ਪੈਣ ਲੱਗੀ ਹੈ
ਉਸ ਅੱਧ ਬਣੇ ਪੁਲ ਤੇ

ਰਾਤਾਂ

ਰਾਤ ਨੂੰ ਜਾਗਾਂ
ਦੀਵਾ ਮੱਧਮ
ਤੇਲ ਜੰਮ ਰਿਹਾ

ਨਵਾਂ ਪੁਰਾਣਾ

ਸਾਲ ਮਗਰੋਂ ਸਾਲ
ਬਾਂਦਰ ਦੇ ਚਿਹਰੇ ਤੇ
ਬਾਂਦਰ ਦਾ ਚਿਹਰਾ

ਹਵਾ ਨਾਲ ਸੰਵਾਦ

ਸਫਰ ਨਾਲ ਥੱਕੀਏ
ਨੀ ਪੱਤਝੜ ਦੀਏ ਹਵਾਏ!
ਸਮਝ ਆਣਗੇ ਹੁਣ ਤੈਨੂੰ ਮੇਰੇ ਹਾਇਕੂ

ਬੁੱਧ ਦਾ ਜਾਲ

ਚਿੱਟੀ ਮੱਛੀ
ਖੋਲ੍ਹਦੀ ਹੈ ਕਾਲੀਆਂ ਅੱਖਾਂ
ਬੁੱਧ ਦੇ ਜਾਲ ਅੰਦਰ

ਬੱਚਾ ਅਤੇ ਚੰਦ

ਕਿਸਾਨ ਦਾ ਬੱਚਾ
ਦਾਣੇ ਛੱਟਦਾ ਰੁਕ ਗਿਆ
ਤੇ ਦੇਖਣ ਲੱਗਾ ਚੰਦ ਵੱਲ

ਕਲਾ ਦਾ ਮੁੱਢ

ਪਿਚਲੇ ਪੁਰਾਣੇ ਪਿੰਡਾਂ ਵਿਚ
ਧਾਨ-ਬਜਿਣ ਵਾਲਾ ਗੀਤ
ਇਹ ਹੈ ਕਲਾ ਦੀ ਸ਼ੁਰੂਆਤ

ਜੋਦੇ ਅਤੇ ਭਵਿੱਖ ਵਾਲੇ ਘਾਹ

ਗਰਮ ਰੁੱਤ ਵਾਲਾ ਘਾਹ
ਹੈ ਬਾਕੀ ਬਚਿਆ

ਯੋਦੇ ਸੁਪਨਿਆਂ 'ਚੋਂ

ਚੁੱਪ ਵਿਚ

ਪਸਰੀ ਚੁੱਪ ਵਿਚ
ਟਿੱਡੇ ਦੀ ਆਵਾਜ਼
ਚੱਟਾਨਾਂ ਨੂੰ ਛੇਦ ਰਹੀ

ਵਿਤਕਰਾ ਰਹਿਤ ਸਰਾਂ

ਸਰਾਂ 'ਚ ਟਾਹਰ
ਜਿਥੇ ਵੇਸਵਾਵਾਂ ਵੀ ਸੌਂ ਰਹੀਆਂ
ਘਾਹ ਫੂਸ ਅਤੇ ਚੰਦ ਵੀ

ਨਕਲ ਦੀ ਨੀਰਸਤਾ

ਮੇਰੀ ਨਕਲ ਨਾ ਕਰ
ਇਹ ਤਾਂ ਨੀਰਸ
ਜਿਵੇਂ ਖਰਬੂਜ਼ੇ ਦੇ ਦੋ ਅੱਧ

ਕੁਦਰਤ ਬੇਰਹਿਮ

ਲੰਬੀਆਂ ਬਰਸਾਤਾਂ
ਰੇਸਮ ਦੇ ਕੀੜੇ ਵੀ ਬਮਿਾਰ ਪਏ
ਸ਼ਹਿਤੂਤ ਦੇ ਬਿਰਖ਼ 'ਤੇ

ਕੁਦਰਤ ਤੋਂ ਦੂਰ

ਸਾਲ ਦੀ ਸਮਾਪਤੀ
ਮੱਛੀ ਕੀ ਮਹਿਸੂਸ ਕਰੇ
ਪੰਛੀ ਜਾਣਨ ਪਰ ਮੈਂ ਨਾ ਜਾਣਾਂ

ਬੁਢਾਪਾ

ਪਰਿੰਦਾ ਬੱਦਲਾਂ 'ਚ ਓਲੋਪ ਹੋ ਰਿਹਾ
ਐਤਕੀਂ ਦੀ ਪੱਤਝੜ
ਮੈਂ ਬੁੱਢਾ ਕਿਉਂ ਹੋ ਰਿਹਾ?

ਇਕਸੁਰਤਾ

ਚੰਨ ਹਲਕੇ ਹਲਕੇ ਤੈਰ ਰਿਹਾ
ਟਹਿਣੀਆਂ ਮੀਂਹ ਦੀਆਂ ਬੂੰਦਾਂ ਨੂੰ
ਬੋਚ ਰਹੀਆਂ

ਸਫ਼ਰ

ਸਫ਼ਰ ਦੌਰਾਨ ਬਿਮਾਰ ਪਿਆ
ਮੇਰੇ ਸੁਪਨੇ ਭਟਕ ਰਹੇ
ਦੂਰ ਤਕ ਫੈਲੀ ਬੰਜਰ ਜ਼ਮੀਨ 'ਤੇ

ਅੱਗੇ-ਪਿੱਛੇ

ਸੰਸਾਰ ਦੀ ਯਾਤਰਾ
ਅੱਗੇ ਪਿੱਛੇ, ਪਿੱਚੇ ਅੱਗੇ
ਇਕ ਨਿੱਕੇ ਖੇਤ 'ਚ ਹਲ ਵਾਹਣਾ

ਇਕੱਲਤਾ

ਪੱਤਝੜ ਉਦਾਸ
ਹਓਕੇ ਦੀ ਆਵਾਜ਼
ਜਾਂ ਦੂਰ ਵੱਜੇ ਕਿਤੇ ਘੰਟੀ ਮੰਦਰ ਦੀ

ਮੁਸਾਫ਼ਰ ਦੇ ਸੁਪਨੇ

ਰੋਗੀ ਇਕ ਜੰਗਲੀ ਪਰਿੰਦਾ
ਗਿਰਿਆ ਸਰਦ ਰਾਤ ਨੂੰ
ਮੁਸਾਫ਼ਰ ਦੀ ਨੀਂਦ ਅੰਦਰ

ਪੱਤਝੜ ਦੀ ਹਵਾ

ਪੱਥਰੀਲੇ ਪਹਾੜਾਂ ਦੇ
ਪੱਥਰਾਂ ਨਾਲੋਂ ਵੀ ਸਫ਼ੇਦ
ਪੱਤਝੜ ਦੀ ਇਹ ਹਵਾ

ਅਸਾਂਤ-ਸ਼ਾਂਤ

ਪਾਲੇ ਦਾ ਝੱਖੜ
ਜਾ ਲੁਕਿਆ ਬਾਸਾਂ ਦੇ ਝੁੰਡ 'ਚ
ਅਤੇ ਹੋਣ ਲੱਗਾ ਸ਼ਾਂਤ

ਯੋਸਾ ਬੂਸੋਨ(1716-1783)

ਨੇੜਤਾ ਦੂਰੀ

ਨੇੜਤਾ ਦੂਰੀ
ਠੰਡੀ ਸੀਤ
ਘਮਟੀ ਤੋਂ ਦੂਰ ਜਾ ਰਹੀ

ਜੀਵਤ ਚੌਗਿਰਦਾ

ਗਰਮੀ ਰੁੱਤ ਦੀ ਵਰਖਾ
ਨਦੀ ਵੱਲ ਮੂੰਹ ਕਰੀ ਖੜ੍ਹੇ
ਉਹ ਦੋ ਘਰ

ਨਿੱਕੀ ਪਰ ਮਹਾਨ

ਚਿੜੀ ਗਾਵੇ
ਨਿੱਕੀ ਚੁੰਝ
ਖੋਲ੍ਹ ਕੇ

ਵਾਰੋ ਵਾਰੀ

ਆਪਣੀ ਉੜਾਨ ਮੁਕਾ ਰਹੇ
ਇਕ ਇਕ ਕਰਕੇ
ਸ਼ਾਮ ਪਈ ਤਾਂ ਕਾਂ

ਅਨੰਤ ਸਿਲਸਿਲਾ

ਇਕ ਦੀਵੇ ਦੀ ਲੋਅ ਨਾਲ
ਦੂਜਾ ਦੀਵਾ ਬਾਲਾਂ
ਬਸੰਤ ਦੀ ਸਾਮ ਵਿਚ

ਹੋਂਦ ਨਿਰਹੋਂਦ

ਗਰਮੀ ਰੁੱਤ ਦੀ ਬਾਰਸ਼
ਰਾਹ
ਅਲੋਪ ਹੋਏ

ਵਿਚਾਰਾ ਕਵੀ

ਕਿੰਨੀ ਸੋਹਣੀ ਬਸੰਤ ਦੀ ਵਰਖਾ
ਤੇ ਕਿੰਨਾ ਵਿਚਾਰਾ ਹੈ ਉਹ
ਜਿਹੜਾ ਹਾਲੇ ਵੀ ਕਲਮ ਨਾ ਚੁੱਕੇ

ਬੇਘਰੇ ਮੁਸਾਫਰ

ਰੈਣ ਬਸੇਰੇ ਤੋਂ ਇਨਕਾਰ
ਬਰਫ 'ਚ ਖੜ੍ਹੇ ਘਰਾਂ 'ਚੋਂ
ਦਿਸੇ ਰੋਸ਼ਨੀਆਂ ਦੀ ਕਤਾਰ

ਭਟਕਣ

ਬਿਨਾਂ ਥੱਲੇ ਵਾਲਾ ਭਾਂਡਾ
ਚੁਫੇਰੇ ਉੱਡਿਆ ਫਿਰੇ
ਪੱਤਝੜ ਦੀ ਹਵਾ ਨਾਲ

ਕਵੀ ਦੀ ਚਿੰਤਾ

ਬਹਾਰ ਦਾ ਅਖੀਰ
ਕਵੀ ਚਿੰਤਾਤੁਰ
ਸੰਪਾਦਕਾਂ ਬਾਰੇ

ਨਾਜ਼ੁਕ ਮਿਜ਼ਾਜ

ਚਿੱਟੇ ਗੁਲਦਾਉਦੀ ਦੇ ਫੁੱਲਾਂ ਸਾਹਮਣੇ
ਝਿਜਕ ਜਾਂਦੀ ਹੈ ਕੈਂਚੀ
ਇਕ ਪਲ ਲਈ

ਜਾਗੇ ਰੋਮ ਰੋਮ

ਚੰਨ ਨੂੰ ਸੁਣਦਾ ਹਾਂ
ਡੱਡੂਆਂ ਦੀ ਟਰ-ਟਰ ਵੱਲ ਦੇਖਦਾ ਹਾਂ
ਪੱਕੇ ਧਾਨ ਦੇ ਖੇਤਾਂ ਵਿੱਚ

ਗਰੀਬੀ

ਆਰੇ ਦੀ ਆਵਾਜ਼
ਗਰੀਬ ਲੋਕ
ਤੇ ਪਾਲੇ ਵਾਲੀ ਅੱਧੀ ਰਾਤ

ਨਿਰਉਦੇਸ਼ ਹਸਤੀ

ਪੱਛਮ ਤੋਂ ਉੱਡੇ
ਗਿਰੇ ਪੱਤੇ ਇਕੱਠੇ ਹੋ ਗਏ
ਪੂਰਬ ਵਿੱਚ

ਖੇਲ੍ਹਣ ਸੂਰਜ ਚੰਦ

ਸਰ੍ਹੋਂ ਦਾ ਚਮਕੀਲਾ ਖੇਤ

ਪੂਰਬ ਵਿੱਚ ਚੰਦ
ਪੱਛਮ ਵਿੱਚ ਸੂਰਜ

ਡਰਨੇ ਦੀਆਂ ਲੱਤਾਂ

ਸੁੱਕੇ ਖੇਤਾਂ ਵਿੱਚ
ਕਿੰਨੀਆਂ ਪਤਲੀਆ ਤੇ ਲੰਮੀਆਂ
ਲੱਗਣ ਡਰਨੇ ਦੀਆਂ ਲੱਤਾਂ

ਵਾਰਤਾਲਾਪ

ਸਰਦ ਰੁੱਤ ਦੇ ਮੀਂਹ ਵਿੱਚ
ਇਕ ਛਤਰੀ ਤੇ ਇਕ ਬਰਸਾਤੀ
ਲੰਘ ਗਏ ਕੋਲੋਂ ਗੱਲਾਂ ਕਰਦੇ....

ਖਤ

ਨਾਸ਼ਪਤੀ ਦੇ ਚਿੱਟੇ ਫੁੱਲ
ਤੇ ਚਾਨਣੀ ਹੇਠ ਖੜ੍ਹੀ ਕੁੜੀ
ਪੜ੍ਹ ਰਹੀ ਇਕ ਖਤ

ਆਪੋ-ਆਪਣਾ ਰੰਗ

ਹਰੇ ਪੱਤੇ
ਚਿੱਟਾ ਪਾਣੀ
ਜੋਂ ਭੂਰਾ ਹੋ ਰਿਹਾ

ਲਹਿਰਾਂ ਅਮੁੱਕ

ਬਸੰਤ ਰੁੱਤ ਸਾਗਰ ਚੜ੍ਹ ਰਿਹਾ
ਤੇ ਗਿਰ ਰਿਹਾ ਤੇ ਚੜ੍ਹ ਰਿਹਾ
ਤੇ ਗਿਰ ਰਿਹਾ.....ਸਾਰਾ ਦਿਨ

ਕਿਸਾਨ

ਵਾਹ ਰਿਹਾ ਕਿਸਾਨ ਪੈਲੀ
ਇਕ ਪੰਛੀ ਤਕ ਨਾ ਚਹਿਚਹਾਵੇ
ਪਹਾੜ ਦੀ ਛਾਂ ਹੇਠ

ਤਰੇਲ ਦੀ ਖੁਲ੍ਹਦਿਲੀ

ਚਿੱਟੇ ਤਰੇਲ ਤੁਪਕੇ
ਇਕ ਬੂੰਦ

ਹਰ ਇਕ ਕੰਡੇ ਤੇ

ਇਕੱਲੀ ਬੇੜੀ

ਪੱਤਣ ਨਾਲ ਬੰਨ੍ਹੀ ਬੇੜੀ
ਕਿਥੇ ਚਲੇ ਗਿਆ
ਬਹਾਰ ਦਾ ਮੌਸਮ

ਸ਼ਾਮ

ਧੁੰਦਲੇ ਘਾਹ
ਸ਼ਾਂਤ ਪਾਣੀ
ਸ਼ਾਮ ਹੋ ਗਈ

ਅਪਣਤ

ਖੇਤਾਂ ਦਾ ਮਾਲ
ਫਿਕਰ ਕਰੇ ਡਰਨੇ ਦਾ
ਦੇਖਣ ਜਾਵੇ ਮੁੜ ਆਵੇ

ਤਿਤਲੀ

ਤਿਤਲੀ
ਸੌਂ ਰਹੀ
ਅੰਦਰ ਦੀ ਘੰਟੀ ਤੇ

ਜ਼ਿੰਦਗੀ ਦੇ ਫੁੱਲ

ਨਦੀ ਕਿਨਾਰੇ ਫੁੱਲਾਂ ਦਾ ਬੂਟਾ
ਫੁੱਲ ਪੱਤੀਆਂ ਝੜਨ
ਤੇ ਵਹਿ ਜਾਣ.....

ਖੁਸ਼ੀ

ਅੱਖਾਂ 'ਚ ਖੁਸ਼ੀ ਚਮਕੇ
ਸਫੇਦ ਪੱਖੀ ਦੇਖ ਕੇ
ਆਪਣੇ ਮਹਿਬੂਬ ਦੀ

ਕਾਲੀ ਅਵਾਜ਼

ਪੁਰਾਣਾ ਖੂਹ
ਇਕ ਮੱਛੀ ਕੁੱਦੀ
ਕਾਲੀ ਅਵਾਜ਼ ਅੰਦਰ

ਗਰਮ ਰੁੱਤ

ਪੱਤਾ ਤਕ ਨਹੀਂ ਹਿੱਲ ਰਿਹਾ
ਡਰਾਉਣੇ ਲੱਗਣ
ਗਰਮ ਰੁੱਤ 'ਚ ਬਿਰਖਾਂ ਦੇ ਝੁੰਡ

ਪਾਣੀ ਵਿਚਲਾ ਚੰਨ

ਜਾਲ ਤੋਂ ਵੀ ਕੁੰਡੀ ਤੋਂ ਵੀ
ਬਚ ਗਿਆ
ਪਾਣੀ ਵਿਚਲਾ ਚੰਨ

ਬਿਰਧ ਤੇ ਦਾਤੀ

ਬਿਰਧ ਆਦਮੀ
ਕਟਾਈ ਕਰੇ ਜੌਂ ਦੀ
ਝੁਕ ਰਿਹਾ ਹੈ ਦਾਤੀ ਵਾਂਗ

ਅਦਵੈਤ

ਫੁੱਲ ਖਿੜੇ ਨੇ ਚਾਰ ਚੁਫੇਰੇ
ਚੰਗਾ ਹੈ ਉਪਰ ਵੱਲ ਜਾਣਾ
ਚੰਗਾ ਹੈ ਦੱਖਣ ਵੱਲ ਜਾਣਾ

ਗਰੀਬ ਦੀ ਪੂਜਾ

ਗਰੀਬ ਪੂਜਾਰੀ
ਘੜਦਾ ਹੈ ਲੱਕੜ ਦਾ ਬੁੱਧ
ਲੰਬੀ ਸਰਦ ਰਾਤ ਵਿੱਚ

ਤੂਫਾਨ ਵਿੱਚ ਚਿੜੀਆਂ

ਸ਼ਾਮ ਦੀ ਤੂਫਾਨੀ ਵਰਖਾ 'ਚ
ਚਿੜੀਆਂ ਚਿੰਬੜਨ ਲਈ ਯਤਨਸ਼ੀਲ
ਕੰਬਦੀਆਂ ਝਾੜੀਆਂ ਨਾਲ

ਜੁਗਨੂੰ ਦਾ ਦੁੱਧਤਵ

ਸੜਕ ਕਿਨਾਰੇ
ਪੱਥਰ ਦੇ ਬੁੱਧ ਸਾਹਮਣੇ
ਇਕ ਜੁਗਨੂੰ ਜਲ ਰਿਹਾ

ਬੁੱਧ ਅਤੇ ਬੁੱਤ!

ਇਸ ਪਾਲੇ ਵਾਲੀ ਰਾਤ ਵਿੱਚ
ਉਹ ਪੁਰਾਣੀ ਲੱਕੜ ਦੇ ਸਿਰ ਵਾਲਾ ਬੁੱਧ
ਭੱਠੀ ਦਾ ਵਧੀਆ ਬਾਲਣ

ਗੱਡਾ ਅਤੇ ਫੁੱਲ

ਗੱਡਾ ਇਕ
ਗੜਗੜਾਹਟ ਕਰਦਾ ਆਵੇ
ਫੁੱਲ ਕੰਬਣ ਲੱਗੇ

ਲੋੜਾਂ-ਥੁੜਾਂ

ਸਿਰ ਢੱਕਾਂ
ਜਾਂ ਫਿਰ ਆਪਣੇ ਪੈਰ?
ਸਰਦੀ ਵਿੱਚ ਰਜਾਈ

ਇਕ ਵਿਛੋੜਾ ਦੋ ਦਿਲ

ਮੈਂ ਜਾਂ ਰਿਹਾ
ਤੂੰ ਆ ਗਿਆ
ਇੱਕਠੀਆਂ ਪਤਝੜਾਂ ਦੋ

ਉਦਾਸੀ-ਖੁਸ਼ੀ

ਪੱਤਝੜ ਦੀ ਸ਼ਾਮ
ਇਕ ਖੁਸ਼ੀ ਵੀ ਹੈ
ਉਦਾਸੀ ਦੇ ਨਾਲ ਨਾਲ

ਚੰਦ ਦੇ ਫੁੱਲ

ਚਾਨਣੀ ਪੱਛਮ ਵੱਲ ਜਾਵੇ
ਤੇ ਫੁੱਲਾਂ ਦੇ ਪਰਛਾਵੇਂ
ਸਰਕਣ ਪੂਰਬ ਵੱਲ

ਜੋਗ ਭੋਗ

ਛੱਜੇ ਤੇ ਆਣ ਖੜ੍ਹਿਆ ਉਹ
ਤੇ ਬਿਰਖਾਂ ਪਿਛਲੇ ਅੰਦਰ 'ਚੋਂ
ਸੁਣੇ ਅੰਤਮ ਸੰਸਕਾਰ ਵਾਲੀ ਘੰਟੀ

ਅਲੌਕਿਕ ਤਿਤਲੀ

ਮੈਂ ਇਸ ਨੂੰ ਫੜ੍ਹਨਾ ਚਾਹਾਂ

ਕਿੰਨੀ ਅਲੌਕਿਕ ਲੱਗੇ
ਇਹ ਤਿਤਲੀ

ਰਾਹਾਂ ਤੇ ਮਨੁੱਖ

ਕਿੰਨੇ ਛੋਟੇ ਲੱਗਣ ਮਨੁੱਖ
ਵਾਦੀ ਵਾਲੇ ਰਾਹਾਂ ਤੇ ਤੁਰਦੇ
ਜਾ ਰਹੇ ਹਰੇ ਭਰੇ ਪੱਤਿਆਂ ਦੇ ਵਿਚਕਾਰ

ਨਿਰਮਲ ਵਰਖਾ

ਪਹਾੜੀ ਖੇਤਾਂ ਵਿੱਚ
ਬਰਸੇ ਨਿਰਮਲ ਵਰਖਾ
ਨਿੱਖਰ ਗਏ ਤਾਜ਼ਾ ਹਰੇ ਪੱਤੇ

ਨਿੱਕੇ ਫੁੱਲ ਦਾ ਖਿੜਨਾ

ਖਿੜ ਰਿਹਾ
ਤੇ ਕਰ ਉਸਤਤ ਸਤਰੰਗੀ ਪੀਂਘ ਦੀ
ਇਕ ਨਿੱਕਾ ਫੁੱਲ

ਗ਼ੁਰਬਤ

ਗ਼ੁਰਬਤ
ਦੀ ਮਾਰ
ਉਤੋਂ ਮੌਸਮ ਪੱਤਝੜ ਦਾ

ਪੱਤਝੜ ਦੀ ਸ਼ਾਮ

ਪੱਤਝੜ ਦੀਆਂ ਤ੍ਰਿਕਾਲਾਂ
ਮੈਂ ਸੋਚਾਂ ਸਿਰਫ
ਆਪਣੇ ਮਾਪਿਆਂ ਬਾਰੇ

ਧੁੰਦਲੇ ਰਾਹਗੁਜ਼ਰ

ਸਵੇਰ ਵਾਲਾ ਧੁੰਦਲਕਾ
ਵਾਹਿਆ ਹੈ ਚਿੱਤਰ 'ਚ
ਲੋਕਾਂ ਦੀ ਰਾਹਗੁਜ਼ਰ ਵਾਲਾ ਸੁਪਨਾ

ਧੁੰਦ 'ਚ ਵਗਦਾ ਜੀਵਨ

ਸਵੇਰ ਵਾਲੇ ਧੁੰਦਲਕੇ 'ਚ
ਹਜ਼ਾਰਾ ਛੱਜਿਆਂ ਵਾਲਾ ਪਿੰਡ

ਤੇ ਬਾਜ਼ਾਰ ਦੀਆਂ ਅਵਾਜ਼ਾਂ

ਪੱਤਝੜ ਤੇ ਸ਼ਰਾਬਖਾਨਾ

ਵਹਿ ਰਹੀ ਪੱਤਝੜ ਦੀ ਹਵਾ
ਸ਼ਰਾਬਖਾਨੇ 'ਚ ਮਛਿਆਰੇ ਤੇ ਲੱਕੜਹਾਰੇ
ਗਾ ਰਹੀ ਹੈ ਗੀਤ

ਬੇਬਸ ਡਰਨਾ

ਗਿਰ ਗਿਆ ਉਸ ਦਾ ਟੋਪ
ਲੱਗੇ ਕਿੰਨਾ ਬੇਬਸ
ਉਹ ਡਰਨਾ

ਬੇਬਸ ਡਰਨਾ

ਪੱਤਝੜ ਦੀ ਹਵਾ
ਹਿਲਾ ਕੇ ਲੰਘ ਗਈ ਬੇਰੋਕ
ਉਸ ਡਰਨੇ ਨੂੰ

ਪੰਛੀ ਖੇਲ ਰਹੇ

ਕੰਢਿਆਂ ਤੇ ਪੰਛੀ ਖੇਲ੍ਹ ਰਹੇ
ਆਪਣੇ ਪੈਰਾਂ ਨੂੰ
ਗਿੱਲਾ ਕਰਨ ਵਾਲੀ ਖੇਡ

ਸਾਨਤੋਕਾ ਤਾਨੇਦਾ(1882–1940)

ਸਵੀਕ੍ਰਿਤੀ

ਮੇਰਾ ਭਿੱਖ ਪਾਤਰ
ਸਵੀਕਾਰ ਕਰਦਾ ਹੈ
ਝੜਦੇ ਪੱਤਿਆਂ ਨੂੰ

ਸਵੀਕ੍ਰਤੀ

ਭਿੱਖ ਵਜੋਂ
ਮੈਂ ਸਵੀਕਾਰ ਕਰਾਂ
ਬਲਦੇ ਸੂਰਜ ਨੂੰ

ਇਕਮਿਕ ਲਹਿਰ-ਹਨ੍ਹੇਰਾ

ਲਹਿਰਾਂ ਦੀ ਆਵਾਜ਼
ਗਿਲਾ ਕਰ ਰਹੀ
ਹਨ੍ਹੇਰੇ ਨੂੰ

ਦੂਰ ਤਕ

ਲੀਕ ਵਾਂਗ ਸਿੱਧੀ ਸੜਕ ਤੇ
ਦੂਰ ਦੂਰ ਤਕ
ਪਸਰੀ ਪਈ ਹੈ ਇਕੱਲਤਾ

ਅਮੁੱਕ ਪੈਂਡਾ

ਕਰਨ ਲਈ ਹੋਰ
ਕੁਝ ਵੀ ਨਹੀਂ
ਬਸ ਤੁਰਿਆਂ ਜਾਵਾਂ ਮੈਂ

ਨਿਰਉਦੇਸ਼ ਪੈਂਡਾ

ਨਿਰਉਦੇਸ਼
ਤੁਰਿਆ ਜਾਂਦਾ ਹਾਂ
ਚੁਫੇਰੇ ਫੈਲੇ ਘਾਹ ਵਿੱਚੋਂ

ਕਿਸ ਦਿਸ਼ਾ 'ਚ.....

ਸੋਚਾਂ ਕਿਸ ਦਿਸ਼ਾ 'ਚ
ਜਾਣਾ ਹੈ ਮੈਂ?
ਬੇਫਿਕਰ ਵਗ ਰਹੀ ਹੈ ਹਵਾ

ਮਨ ਮੌਜੀ

ਸਵੇਰ ਦੀ ਓਸ
ਨਾਲ ਭਿੱਜਿਆ ਮੈਂ
ਤੁਰ ਪਿਆ ਮਨਚਾਹੀ ਦਿਸ਼ਾ ਵੱਲ

ਆਵਾਰਗੀ

ਬੇਘਰਾ ਮੈਂ
ਪੱਤਝੜ
ਗਹਿਰੀ ਹੋ ਰਹੀ

ਬਿਨਾਂ ਮੰਜ਼ਿਲ ਦੇ

ਬਿਨਾਂ ਕਿਸੇ ਮੰਜ਼ਿਲ ਦੇ
ਮੈਂ ਤੁਰਿਆ ਫਿਰਦਾ
ਕਬਰਾਂ ਦੇ ਵਿਚਕਾਰ

ਬੇਲਾਗ ਯਾਤਰੀ

ਹਮੇਸ਼ਾ ਵਾਂਗ ਮੀਂਹ ਪੈ ਰਿਹਾ
ਮੈਂ ਗਿੱਲਾ ਹੋ ਕੇ ਵੀ
ਤੁਰਿਆ ਜਾ ਰਿਹਾ

ਸਬਰ

ਮੀਂਹ ਨਾਲ
ਭਰ ਗਈ ਬਾਲਟੀ
ਅੱਜ ਦੇ ਦਿਨ ਲਈ ਕਾਫ਼ੀ

ਇਕੋ ਜਿਹੇ

ਵੱਡਾ ਬਿਰਖ਼ ਵੀ
ਮੈਂ ਵੀ, ਕੁੱਤਾ ਵੀ
ਭਿੱਜ ਰਹੇ ਕਿਣਮਿਣ ਹੇਠ

ਨਾਸ਼ਮਾਨ

ਕੀ ਛਤਰੀ
ਵੀ ਮੇਰੀ
ਲੱਗੀ ਹੈ ਚੋਣ?

ਸਹਿਜ ਸਫ਼ਰ

ਪਾਣੀ ਦੀ ਕਲਕਲ ਨਾਲ
ਵਹਿੰਦਾ ਤੁਰਿਆ ਆਇਆ
ਮੈਂ ਪਿੰਡ ਤਕ

ਬਿਜਾਈ

ਬਹਾਰ ਦੀ ਬਿਜਾਈ
ਕਿਸਾਨ ਵੀ ਬਲਦ ਵੀ
ਭਿੱਜੇ ਪਸੀਨੇ ਨਾਲ

ਵਾਹੀਕਾਰ

ਦੂਰ ਦੂਰ ਤਕ ਪਾਣੀ ਨਹੀਂ
ਧਾਨ ਦੇ ਸੁੱਕੇ ਖੇਤਾਂ ਵਿਚ
ਪਸੀਨੋ ਪਸੀਨੀ ਹੋ ਰਹੇ ਨੇ ਵਾਹੀਕਾਰ

ਇਕੱਲੀ ਬੱਕਰੀ

ਧੁੱਪ 'ਚ ਮਿਆਂਵੇ
ਬੱਦਲਵਾਈ 'ਚ ਮਿਮਿਆਂਵੇ
ਇਕ ਇਕੱਲੀ ਬਕਰੀ

ਬੁੱਧ ਦੀ ਦਇਆ

ਨਿੱਕਾ ਬੁੱਤ ਬੁੱਧ ਦਾ
ਮੀਂਹ 'ਚ ਖੜ੍ਹਾ ਭਿੱਜੇ
ਮਨੁੱਖਾਂ ਦੀ ਖਾਤਰ

ਬੁੱਧ ਦੀ ਮੁਕਸਾਨ

ਸਾਰਾ ਰੰਗ ਉਤਰ ਗਿਆ
ਬੁੱਧ ਦੇ ਬੁੱਤ ਤੋਂ
ਫਿਰ ਵੀ ਉਹ ਮੁਸਕਾਈ ਜਾਵੇ

ਹਰ ਦਿਨ

ਹਰ ਦਿਨ ਮਿਲੀਏ ਅਸੀਂ
ਸ਼ੈਤਾਨ ਨੂੰ ਵੀ
ਤੇ ਬੁੱਧ ਨੂੰ ਵੀ

ਫ਼ਕੀਰੀ

ਉਦੇਸ਼ਹੀਣੇ ਮਨ-ਮੌਜੀ ਮੈਂ
ਉੱਡਿਆ ਫਿਰਾਂ ਇਥੇ ਕਦੇ ਉਥੇ
ਸਾਂਝ ਪਾਣੀਆਂ ਦਾ ਸੁਆਦ ਚਖ਼ਦਾ

ਵਿਛੋੜਾ

ਵਿਛੜ ਗਏ ਹਾਂ
ਮੇਰਾ ਪਿੱਠੂ
ਹੋਰ ਵੀ ਭਾਰੀ ਲੱਗੇ

ਖਿੜਦੇ ਰਹਿਣ ਫੁੱਲ

ਘੋੜੇ ਦੇ ਪੈਰਾਂ ਨਾਲ

ਮਿੱਧੇ ਘਾਹ ਵਿਚ
ਖਿੜ ਰਹੇ ਨੇ ਫੁੱਲ

ਵਿਚਕਾਰ

ਜੰਗਲੀ ਘਾਹ
ਖੁਸ਼ਕ ਸੁਹੱਪਣ
ਵਿਚਕਾਰ ਬੈਠਾ ਮੈਂ

ਉਦਾਸੀ ਘਾਹ ਦੀ

ਇਕੱਲਤਾ ਵਿਚ
ਜ਼ਰੂਰ ਉਦਾਸ ਹੋਵੇਗਾ
ਇਹ ਜੰਗਲੀ ਘਾਹ

ਖੁਸ਼ੀ ਘਾਹ ਦੀ

ਇਕੱਲਤਾ ਵਿਚ
ਜ਼ਰੂਰ ਖੁਸ਼ ਹੋਵੇਗਾ
ਇਹ ਜੰਗਲੀ ਘਾਹ

ਫ਼ਕੀਰੀ ਵਾਲਾ ਚੋਗਾ

ਮੇਰਾ ਫ਼ਕੀਰੀ ਵਾਲਾ ਚੋਗਾ
ਹੋਰ ਵੀ ਪਟੇ ਹਾਲ ਲੱਗੇ
ਘਾਹ ਦੇ ਤਿਣਕਿਆਂ ਨਾਲ

ਨਿਰੰਤਰਤਾ

ਤੁਰਾਂ ਤਾਂ ਵੀ
ਬੈਠਾ ਤਾਂ ਵੀ
ਘਾਹ ਉੱਗਦਾ ਰਹੇ

ਨਿਰੰਤਰਤਾ

ਸੁੱਖ 'ਚ ਵੀ
ਦੁੱਖ 'ਚ ਵੀ
ਗਾਹ ਉੱਗਦਾ ਰਿਹਾ

ਸਾਰੇ ਸਾਥੀ

ਤਰੇਲ ਤੁਪਕਾ
ਤੇ ਡਿਗਦੇ ਪੱਤੇ

ਉੱਡ ਗਏ ਇਕ ਸਾਥ

ਇਕ ਪ੍ਰਸ਼ਨ

ਕਿਉਂ
ਇੰਨੀ ਉਦਾਸ
ਵਗੇ ਹਵਾ?

ਮੁੜ ਕੋਈ...

ਸ਼ਾਮ ਦੀ
ਇਕੱਲਤਾ ਵਿਚ
ਮੁੜ ਕੋਈ ਖੇਤ ਵਾਹੇ

ਇਕ ਇਕ ਕਰਕੇ

ਜ਼ਰਾ ਕੁ ਸਖ਼ਤ
ਗਿਰ ਰਹੇ ਨੇ ਪੱਤੇ
ਇਕ ਇਕ ਕਰਕੇ

ਬੇਰਹਿਮ ਮੌਸਮ

ਵਰਖਾ ਦੇ ਮੌਸਮ ਵਿਚ
ਪੰਛੀਆਂ ਕੋਲ ਵੀ
ਕੁਝ ਨਹੀਂ ਖਾਣ ਲਈ

ਪਿੰਡ ਵਾਲਾ ਪੁਲ

ਇਕ ਲੰਬਾ ਪੁਲ
ਜੇ ਮੈਂ ਪਾਰ ਕਰਾਂਗਾ
ਤਾਂ ਆਪਣੇ ਜੱਦੀ ਪਿੰਡ ਪਹੁੰਚ ਜਾਵਾਂਗਾ

ਉਹ ਘਰ

ਕੁਝ ਵੀ ਬਾਕੀ ਨਹੀਂ
ਉਸ ਗਰ ਦਾ ਜਿਸ 'ਚ ਮੈਂ ਜਮਮਿਆ ਸੀ
ਬਸ ਕੁਝ ਕੁ ਜੁਗਨੂੰ ਨਜ਼ਰ ਓਾਉਂਦੇ ਹਨ

ਜੱਦੀ ਪਿੰਡ ਵਿਚ

ਮੈਂ ਅੱਧ ਵਿਚਕਾਰ
ਬੈਠਾ ਹਾਂ
ਆਪਣੀ ਮਾਂ ਬੋਲੀ ਦੇ

ਮੁੱਦਤ ਬਾਦ

ਮਿਲਣਾ ਚਾਹੁੰਦਾ ਹਾਂ, ਪਰ ਮਿਲ ਨਹੀਂ ਸਕਦਾ
ਮੇਰੀ ਚਾਚੀ ਦਾ ਘਰ ਵੀ
ਲੁਕ ਛਿਪ ਗਿਆ ਹੈ ਹਰੇ ਘਾਹ ਹੇਠ

ਪਿਛਲੇ ਪਾਸੇ ਤੋਂ

ਪਿਛਲੇ ਪਾਸੇ ਤੋਂ ਮੈਂ
ਕਿਸ ਤਰ੍ਹਾਂ ਦਾ ਲਗਦਾ ਹੋਵਾਂਗਾ
ਮੀਂਹ 'ਚ ਭਿੱਜਦਾ ਤੁਰਿਆ ਜਾਂਦਾ?

ਜੜ੍ਹਾਂ

ਨਿੱਘੇ ਬਿਸਤਰੇ ਵਿਚ ਪਿਆਂ
ਮੈਨੂੰ ਸੁਪਨਾ ਆਂਦਾ ਹੈ
ਆਪਣੇ ਜੱਦੀ ਪਿੰਡ ਦਾ

ਹੋਂਦ ਨਿਰਹੋਂਦ

ਜੀਵਨ ਤੇ ਮੌਤ
ਦੇ ਆਰਪਾਰ ਪੈ ਰਹੀ
ਬਿਨਾਂ ਰੁਕੇ ਇਹ ਬਰਫ

ਮੈਂ ਵੀ

ਚਿੜੀਆਂ ਉੱਡ ਗਈਆਂ ਨੇ
ਅੱਜ ਤੋਂ ਨਵੇਂ ਨਵੇਂ ਸਫਰ
ਮੈਂ ਵੀ ਆਪਣੀ ਜੁੱਤੀ ਸਾਫ ਕਰਾਂ

ਜੱਦੀ ਪਿੰਡ ਵਿੱਚ

ਜੱਦੀ ਪਿੰਡ ਦੀ ਤੇਜ਼ ਗਰਮੀ
ਕੁਝ ਨਹੀਂ ਬਾਕੀ
ਕਬਰਾਂ ਤੋਂ ਸਿਵਾ

ਔਰਤਾਂ

ਗਿਰਦੀ ਬਰਫ 'ਚ
ਔਰਤਾਂ
ਹੋਰ ਵੀ ਸੋਹਣੀਆਂ ਲੱਗਣ

ਨਾਲੋ ਨਾਲ

ਪਰਬਤ ਦੇ ਪੈਰਾਂ ਹੇਠ
ਨਿੱਘੀ ਧੁੱਪ ਵਿੱਚ
ਨਾਲੋ ਨਾਲ ਖੜ੍ਹੀਆਂ ਕਬਰਾਂ

ਪਿਛਲ ਝਾਤ

ਪਾਲੇ ਦੀ ਵਰਖਾ
ਲੋਕ ਕਿੰਨੇ ਰਹਿਮ ਦਿਲ ਸਨ
ਸੋਚ ਕੇ ਅੱਖਾਂ 'ਚ ਹੰਝੂ ਭਰ ਆਏ

ਸਾਨਤੋਕਾ ਤਾਨੇਦਾ

ਇਥੇ ਸਾਨਤੋਕਾ ਤਾਨੇਦਾ ਦੀਆਂ ਯੁੱਧ ਸੰਬੰਧਿਤ ਕੁਝ ਹਾਇਕੂ ਨਜ਼ਮਾਂ ਸ਼ਾਮਲ ਕੀਤੀਆਂ ਗਈਆਂ ਹਨ। ਇਹ ਹਾਇਕੂ ਨਜ਼ਮਾਂ ਜਾਪਾਨ-ਚੀਨ ਯੁੱਧ ਸਮੇਂ 1937 'ਚ ਲਿਖੀਆਂ ਗਈਆਂ ਹਨ। ਯੁੱਧ ਦੇ ਵਿਰੋਧ 'ਚ ਕੁਝ ਕਹਿਣਾ ਸਖਤ ਮਨ੍ਹਾਂ ਸੀ। ਸਾਰੇ ਕਵੀਆਂ ਤੋਂ ਆਸ ਕਰੀ ਜਾਂਦੀ ਸੀ ਕਿ ਯੁੱਧ ਦੇ ਹੱਕ ਵਿੱਚ ਲਿਖਣ। ਸਾਨਤੋਕਾ ਜੋ ਕਿ ਮੰਗ ਕੇ ਖਾਣ ਵਾਲਾ ਬੁੱਧ ਦਾ ਭਿੱਖੂ ਸੀ, ਉਸ ਕੋਲ ਨਾ ਕੋਈ ਜ਼ਮੀਨ ਜਾਇਦਾਦ ਸੀ ਤੇ ਨਾ ਹੀ ਕੋਈ ਅਸਲਾ। ਉਸ ਨੇ ਆਪਣੇ ਅਹਿਸਾਸ ਹਾਇਕੂ ਰਾਹੀਂ ਪ੍ਰਗਟ ਕੀਤੇ:

ਆਉਣ ਜਾਣ

ਸਾਕੁਰਾ ਦੇ ਫੁੱਲ ਖਿੜ ਰਹੇ
ਸਾਕੁਰਾ ਦੇ ਫੁੱਲ ਝੜ ਰਹੇ
ਲੋਕ ਨੱਚੀ ਜਾ ਰਹੇ

ਮੇਰਾ ਦਿਲ

ਮੇਰਾ ਦਿਲ ਖਾਲੀ ਦਾ ਖਾਲੀ
ਹਿੰਸਕ ਲਹਿਰਾਂ ਆਈਆਂ
ਤੇ ਚਲੀਆਂ ਗਈਆਂ

ਵਿਛੋੜਾ

ਅਸੀਂ ਜਦੋਂ ਦੇ ਵਿਛੜੇ ਹਾਂ
ਹਰ ਦਿਨ ਹੀ
ਬਰਫ ਪੈ ਰਹੀ ਹੈ

ਫੌਜਾਂ ਦੇ ਕੂਚ

ਇਕੱਠੇ ਕੂਚ ਕਰ ਰਹੇ
ਉਹ ਉਸ ਧਰਤੀ 'ਤੇ
ਜਿਸ ਤੇ ਮੁੜ ਨਹੀਂ ਤੁਰਨਗੇ ਉਹ

ਫੌਜੀ ਦਾ ਮਨ

ਸਰਦ ਰੁੱਤ ਦੇ ਬੱਦਲ
ਸੋਚਣ:ਜਾਣਾ ਚੀਨ ਵੱਲ
ਚਿੱਥੜਾਂ ਚਿੱਥੜਾ ਹੋਣ ਲਈ

ਚੰਨ ਅਤੇ ਬੰਬਾਰੀ

ਚੰਨ ਦੀ ਚਾਨਣੀ
ਕੀ ਇਹ ਜਾਣੇ
ਬੰਬਾਰੀ ਕਿੱਥੇ ਹੋਵੇਗੀ?

ਜੰਗ ਤੋਂ ਬਾਦ

ਛੱਡ ਕੇ ਚੀਨ ਵਿੱਚ ਆਪਣੇ ਹੱਥ ਤੇ ਪੈਰ
ਪਰਤ ਰਹੇ ਨੇ ਫੌਜੀ
ਆਪਣੇ ਦੇਸ਼ ਜਪਾਨ

ਜੰਗ ਦੇ ਜਸ਼ਨ

ਕੀ ਸ਼ਹਿਰ ਦੇ ਲੋਕ
ਮਨਾਉਣਗੇ ਜਸ਼ਨ ਉਨ੍ਹਾਂ ਲਈ ਵੀ
ਜੋ ਲਿਆਏ ਗਏ ਨੇ ਵਾਪਸ ਹੱਡੀਆਂ ਵਜੋਂ

ਜੰਗ ਤੋਂ ਬਾਦ

ਭਿੱਜਦੇ ਹੋਏ
ਪਰਤ ਰਹੇ ਚੁੱਪਚਾਪ
ਸਾਢੇ ਛੇ ਸੌ ਬੰਦਿਆ ਦੇ ਅਸਥ-ਪਾਤਰ

ਦੁਨੀਆਂਦਾਰੀ ਤੇ ਕਾਂ

ਰੌਲਾ ਪਾਂਦੇ ਕਾਂ ਉੱਡੇ ਫਿਰਦੇ ਕਾਂ
ਪਰ ਲਭ ਨਹੀਂ ਪਾਂਦੇ ਇਕ ਪਲ
ਬਹਿਣ ਲਈ ਕੋਈ ਇਕ ਥਾਂ

ਮੈਂ ਤੇ ਪਰਬਤ

ਮੈਂ ਫਿਸਲਦਾ ਤੇ ਗਿਰਦਾ ਹਾਂ
ਪਰ ਪਰਬਤ ਤਾਂ ਸਦਾ
ਅਹਿਲ ਖੜ੍ਹੇ ਰਹਿੰਦੇ ਨੇ

ਹਾਲੇ ਜਿਉਂਦੇ ਹਾਂ

ਇਕ ਨਵੀਂ ਸਵੇਰ
ਮੈਂ ਹਾਲੇ ਵੀ ਜਿਉਂਦਾ ਹਾਂ
ਤੇ ਅੰਗੜਾਈ ਲੈਂਦਾ ਹਾਂ

ਅੱਜ ਦਾ ਸੂਰਜ

ਢਲਦੇ ਸੂਰਜ ਦਾ ਸੁਹੱਪਣ
ਬੁਢਾਪੇ ਲਈ
ਚਿੰਤਾ ਨਹੀਂ ਕਰਦਾ

ਜ਼ਿੰਦਗੀ ਦੇ ਖੇਤ

ਹੋਰ ਕੱਟਣਾ
ਹੋਰ ਪੁੱਟਣਾ
ਹੋਰ ਬੀਜਣਾ

ਜੰਮਣਾ

ਜੰਮਣ ਦੀ ਬੇਹੱਦ ਖੁਸ਼ੀ ਵਿੱਚ
ਬੱਚਾ ਕਦੇ ਖੋਲ੍ਹਦਾ ਕਦੇ ਬੰਦ ਕਰਦਾ
ਆਪਣੀਆਂ ਮੁੱਠੀਆਂ ਨੂੰ

ਗਿਆਨ

ਡੂੰਘੇ ਜੰਗਲ ਵਿੱਚ
ਗਿਰ ਰਹੇ ਨੇ ਪੱਤੇ
ਮੈਂ ਬੁੱਧ ਨੂੰ ਦੇਖ ਲੈਂਦਾ ਹਾਂ

ਜਿਉਂਦੇ ਹੋਣ ਦੀ ਖੁਸ਼ੀ

ਜਿਉਂਦੇ ਹੋਣ ਦੀ ਖੁਸ਼ੀ 'ਚ

ਮੈਂ ਤੁਰਨ ਲਗਦਾ ਹਾਂ
ਪਾਣੀ

ਕਬਰਾਂ

ਕਬਰਾਂ ਦੇ ਪੱਥਰ ਸਿੱਧੀ ਰੇਖਾ 'ਚ
ਆਰ ਪਾਰ ਵਿੰਨ੍ਹ ਰਹੇ ਨੇ
ਚੁੱਪੀ ਨੂੰ

ਸ਼ਾਂਤ ਅਸਮਾਨ

ਲੋਕ ਜੁੜ ਰਹੇ ਨੇ
ਇਕ ਮਰ ਗਰੇ ਆਦਮੀ ਦੁਆਲੇ
ਅਸਮਾਨ 'ਚ ਬੱਦਲ ਅਲੋਪ ਨੇ

ਦਾੜ੍ਹੀ ਦਾ ਗੀਤ

ਮੇਰੀ ਦਾੜ੍ਹੀ ਦਾ ਮੂਲ ਗੀਤ
ਇਕ ਉੱਘੜ ਦੁੱਘੜ ਜ਼ਿੰਦਗੀ
ਕਦੇ ਖਿੜਦੀ ਕਦੇ ਗਿਰਦੀ

ਹਸਤੀ

ਸਰਦ
ਬੱਦਲ
ਕਾਹਲ 'ਚ

ਹਸਤੀ

ਪਾਣੀ ਵਿੱਚ ਪਰਛਾਵਾਂ
ਇਹ ਤਾਂ
ਇਹ ਰਾਹੀ ਹੈ

ਹਸਤੀ

ਇਹ ਸੋਹਣੀ ਬਹਾਰ
ਆਣ ਉਤਰੀ
ਕਬਰਾਂ ਦੇ ਐਨ ਕੋਲ

ਹਸਤੀ

ਦੂਰ ਓਹਲੇ 'ਚ ਲੁਕੀ
ਟੁੱਟੀ ਭੱਜੀ ਉਸ ਝੁੱਗੀ ਵਿਚ

ਪਈ ਹੈ ਮੇਰੀ ਟੁੱਟੀ ਭੱਜੀ ਜ਼ਿੰਦਗੀ

ਹਸਤੀ

ਹੌਲੀ ਹੌਲੀ
ਭਰ ਰਹੀ ਹੈ
ਮੇਰੀ ਆਖ਼ਰੀ ਪੱਤਝੜ

ਰਾਹ ਗੁਜ਼ਰ

ਰਾਹੀ
ਰਾਹੀ
ਆਉਂਦੇ, ਵਿਛੜ ਜਾਂਦੇ

ਬਹਾਰ ਤੇ ਝੂਠ

ਹਰ ਕੋਈ ਝੂਠ ਬੋਲ ਰਿਹੈ
ਬਹਾਰ ਨੂੰ
ਦੂਰ ਭਜਾ ਦਿੱਤਾ ਗਿਆ ਹੈ

ਉਹ ਦਿਨ

ਮੈਨੂੰ ਚੰਗਾ ਨਹੀਂ ਲਗਦਾ ਉਹ ਦਿਨ
ਜੋ ਸਫ਼ਰ ਤੇ ਸ਼ਰਾਬ ਬ਼ਗ਼ੈਰ ਲੰਘ ਜਾਵੇ
ਜੋ ਕਵਿਤਾ ਲਿਖੇ ਬ਼ਗ਼ੈਰ ਲੰਘ ਜਾਵੇ

ਜਿਉਣ ਦਾ ਸੁਨੇਹਾ

ਟੁਣਕ ਰਹੀਆਂ ਘੰਟੀਆਂ
ਪਰਬਤਾਂ ਵੱਲੋਂ ਆ ਰਹੀ ਪੌਣ
ਮੈਨੂੰ ਜਿਉਣ ਦਾ ਸੁਨੇਹਾ ਦੇ ਰਹੀ

ਆਖ਼ਰੀ ਵਾਰ

ਪਰਬਤ ਜੋ ਮੈਂ ਮੁੜ ਕਦੇ ਨਹੀਂ ਦੇਖਣੇ
ਅਲੋਪ ਹੋ ਰਹੇ ਹਨ
ਦੂਰ ਕਿਤੇ

ਮੌਤ ਤੇ ਠੰਡੀ ਹਵਾ

ਬੀਮਾਰੀ
ਮੌਤ ਮੇਰੇ ਸਾਹਮਣੇ
ਇਕ ਠੰਡੀ ਵਗਦੀ ਹਵਾ

ਤਿਆਰੀ

ਤਿਆਰ ਹੋ ਰਹੇ ਨੇ
ਮਰਨ ਲਈ
ਸੁੱਕੇ ਘਾਹ ਦੇ ਪੁੰਤੇ

ਤਿਆਰੀ

ਤਿਆਰ ਹੋ ਰਹੇ ਨੇ
ਮਰਨ ਲਈ
ਉੱਗਦੇ ਘਾਹ ਦੇ ਪੱਤੇ

ਤਿਆਰੀ

ਮੌਤ ਦੀ ਚੁੱਪੀ
ਸਾਫ ਅਸਮਾਨ
ਨਿਪੱਤੇ ਰੁੱਖ

ਬਾਅਦ 'ਚ

ਜਦ ਮੈਂ ਮਰ ਜਾਵਾਂਗਾ
ਘਾਹ ਹੋਵੇਗਾ
ਮੀਂਹ ਹੋਵੇਗਾ

ਲੰਬੀ ਰਾਤ

ਲੰਬੀ ਰਾਤ
ਹੋਰ ਲੰਬੇਰੀ ਲੱਗੇ
ਕੁੱਤੇ ਦੇ ਭੌਂਕਣ ਨਾਲ

ਮਨੁੱਖ ਤੇ ਪ੍ਰਕਿਰਤੀ

ਮਿਹਨਤ
ਤੇ ਸਖਤ ਮਿਹਨਤ
ਪਰ ਬੇਲੋੜਾ ਘਾਹ ਉੱਗਦਾ ਜਾਵੇ

ਨਿਰੰਤਰਤਾ

ਚੰਗੀ ਖਬਰ
ਮਾੜੀ ਖਬਰ
ਬਹਾਰ ਦੀ ਬਰਫ ਪੈਦੀਂ ਰਹੇ

ਨਿਰੰਤਰਤਾ

ਹੌਲੀ ਹੌਲੀ ਮਿਲਣ ਲੱਗੇ
ਐਬ ਮੇਰੇ
ਆਪਣੇ ਮਰ ਚੁੱਕੇ ਬਾਪ ਦੇ ਐਬਾਂ ਨਾਲ

ਚੰਨ ਤੇ ਝੂਠ

ਮੈਂ ਝੂਠ ਬੋਲਿਆ
ਚੜ੍ਹ ਰਿਹਾ ਹੈ
ਉਦਾਸ ਚੰਨ

ਆਖਰ ਉੱਡ ਗਈ

ਕੁਝ ਨਾ ਕਰਨ ਜੋਗਾ
ਮੇਰੀ ਉਲਝੀ ਜ਼ਿੰਦਗੀ
ਉੱਡ ਗਈ ਹਵਾ ਦੇ ਨਾਲ

ਆਪੋ ਆਪਣੇ ਕਾਰਜ

ਬਾਰਸ਼ ਪਵੇ
ਚੁੱਪਚਾਪ
ਮੈਂ ਭਰਾਂ ਪਾਣੀ

ਆਪੋ ਆਪਣੇ ਕਾਰਜ

ਮੈਂ ਹੂੰਝਾਂ...
ਪੱਤੇ ਗਿਰਨ...
ਪੱਤਝੜ ਦਾ ਅਖੀਰ

ਖੁਸ਼ੀ ਵਾਲਾ ਪਲ

ਕਮਾਲ ਦੀ ਸਰਾਂ!
ਦੋ ਪਾਸੇ ਪਹਾੜ
ਸਾਹਮਣੇ ਸ਼ਰਾਬ ਦੀ ਦੁਕਾਨ

ਕਿੰਨੀ ਕੁ ਬਾਕੀ...

ਲਹਿਰਾਂ ਦੀ ਆਵਾਜ਼
ਕਦੇ ਦੂਰ ਕਦੇ ਨੇੜੇ
ਕਿੰਨੀ ਕੁ ਬਾਕੀ ਹੈ ਮੇਰੀ ਹਯਾਤੀ?

ਨਾਤਸੁਮੇ ਸੋਸੇਕੀ (1867–1916)

ਉਤਸੁਕਤਾ

ਨਵੇਂ ਸਾਲ ਦੇ ਪਹਿਲੇ ਦਿਨ
ਮੈਂ ਮਿਲਣਾ ਲੋਚਾਂ ਆਪਣੇ ਮਾਪਿਆ ਨੂੰ
ਜਿਵੇਂ ਕਿ ਉਹ ਮੇਰੇ ਜਨਮ ਤੋਂ ਪਹਿਲਾ ਸਨ

ਦੁਆ

ਦੁਆ ਕਰਦਾ ਹਾਂ
ਮੈਂ ਅਗਲੇ ਜਨਮ 'ਚ ਹੋਵਾਂ
ਇਕ ਨਿੱਕੀ ਜਿਹੀ ਜਾਮਣੀ ਤਿਤਲੀ

ਝੱਲੀ ਤਿਤਲੀ

ਝੱਲੀ ਤਿਤਲੀ
ਫੁੱਲਾਂ ਨਾਲ ਚੋਹਲ ਕਰੇ
ਮੋਇਆ ਦੇ ਸਤਿਕਾਰ ਵਿੱਚ

ਨੇੜਤਾ

ਬਹਾਰ ਦੀ ਵਰਖਾ
ਇਕ ਦੂਜੇ ਨਾਲ ਜੁੜ ਰਹੇ
ਉਹ ਇੱਕੋ ਛਤਰੀ ਹੇਠ

ਸਹਿਜ ਸਨੇਹ

ਬਹਾਰ ਵਾਲਾ ਚੋਅ
ਵਗ ਰਿਹਾ
ਚੱਟਾਨ ਨੂੰ ਗਲੇ ਲਗਾ ਕੇ

ਸਹਿਜ ਕਰਮ

ਇਕ ਵੀ ਸ਼ਬਦ ਕਹੇ ਬਿਨ
ਖਿੜ ਗਿਆ ਉਹ
ਚਿੱਟੇ ਫੁੱਲਾਂ ਵਾਲਾ ਬਿਰਖ

ਰੰਗ

ਪੀਲੇ ਫੁੱਲਾਂ ਵਾਲੇ
ਖੇਤ ਵਿਚ

ਲਾਲ ਸੂਰਜ ਡੁੱਬ ਰਿਹਾ

ਲੋਚਾ

ਪੱਤਝੜ ਰੁੱਤ ਵਾਲਾ ਉੱਚਾ ਅਸਮਾਨ
ਕਾਸ਼ ਮੈਂ ਸਵਾਰ ਹੋ ਸਕਦਾ
ਉਸ ਚਿੱਟੇ ਬੱਦਲ 'ਤੇ

ਕਿੰਨੀ ਬਾਕੀ!

ਪੱਤਝੜ ਦਾ ਆਗਾਜ਼
ਬਾਕੀ ਪਈ ਇਕ ਕਿਤਾਬ
ਪੜ੍ਹਨ ਖੁਣੋਂ

ਨਿੱਘ

ਸਵੇਰ ਵੀ ਸਰਦ
ਸ਼ਾਮ ਵੀ ਸਰਦ
ਨਿੱਘਾ ਹੈ ਇਨਸਾਨ

ਇਕੱਲ

ਸਵੇਰ ਵੀ ਸਰਦ
ਸ਼ਾਮ ਵੀ ਸਰਦ
ਮੈਂ ਇਕੱਲਾ ਸਫ਼ਰ ਕਰਾਂ

ਨਾਮ ਖ਼ੁਮਾਰੀ

ਨਾ ਸ਼ਰਾਬ
ਨਾ ਕਵਿਤਾ
ਪਰ ਹੈ ਚੰਨ ਦੀ ਚੁੱਪੀ

ਵਿਲੱਖਣਤਾ

ਸਰਦੀ ਅੰਦਰ
ਹਰ ਪੱਥਰ ਸੰਤ ਵਾਂਗ ਬੈਠਾ
ਆਪੋ ਆਪਣੇ ਅੰਦਾਜ਼ ਵਿਚ

ਇਕਸੁਰਤਾ

ਸਾਰੇ ਝੂਮ ਰਹੇ ਹਵਾ ਸੰਗ
ਕੀ ਲੰਬੇ ਤੇ ਕੀ ਛੋਟੇ
ਘਾਹ ਦੇ ਫੁੱਲ

ਪੌਣਾਂ ਨੂੰ ਪੁੱਛੋ!

ਪੱਤਿਓ ਪੌਣ ਨੂੰ ਪੁੱਛੋ
ਤੁਹਾਡੇ 'ਚੋਂ ਕਿਹੜਾ ਝੜੇਗਾ ਪਹਿਲਾਂ
ਹਰੇ ਬਿਰਖਾਂ ਤੋਂ

ਪ੍ਰਗਟ ਰੂਹ

ਮੇਰੇ ਬਿਲਕੁਲ ਸਾਹਮਣੇ
ਇਕ ਰੂਹ ਗਤੀਸ਼ੀਲ
ਮੇਰੇ ਪੈੱਨ ਦੀ ਨਿੱਬ

ਡਰਨਾ ਤੇ ਚਿੜੀਆਂ

''ਆਦਰ ਯੋਗ ਚਿੜੀਓ''
ਇਹ ਡਰਨਾ ਹੁਣ
ਹੋ ਰਿਹਾ ਮੁਖਾਤਿਬ ਤੁਹਾਨੂੰ.....

ਘਰ

ਇਕ ਘਰ ਖੜ੍ਹਿਆ ਹੈ
ਐਨ ਵਿਚਕਾਰ
ਬਸੰਤ ਦੇ ਪੌਣ ਪਾਣੀਆਂ ਵਿਚਕਾਰ

ਖੇਲੈ ਸਗਲ ਜਗਤੁ

ਪੂਰਬ ਦੀ ਵਾ ਵਗ ਰਹੀ
ਬੱਦਲਾਂ ਦੇ ਪਰਛਾਵੇਂ ਲਪੇਟ ਰਹੇ
ਸਮੁੱਚੇ ਪਹਾੜ ਨੂੰ

ਇਕੋ ਥਾਂ

ਪੁਜਾਰੀ ਤੇ ਸੰਸਾਰੀ
ਅੰਗੀਠੀ ਸਾਹਮਣੇ ਬੈਠੇ
ਆਹਮੋ-ਸਾਹਮਣੇ

ਰਹੱਸ

ਮੈਨੂੰ ਨਹੀਂ ਪਤਾ
ਕਿਉਂ ਇੰਨਾ ਸਨੇਹ ਕਰਾਂ ਇਸ ਸੰਸਾਰ ਨੂੰ
ਜਿਥੇ ਕਿ ਅਸੀਂ ਸਿਰਫ਼ ਮਰਨ ਲਈ ਆਂਦੇ

ਚੀਯੋ-ਨੀ (1703-1775)

ਬਹਾਰ ਦੀ ਬਾਰਸ਼

ਬਹਾਰ ਦੀ ਬਾਰਸ਼
ਬਹਾਰ ਦੀ ਨਿੱਖਰੀ
ਲੱਗੇ ਹੋਰ ਵੀ ਸੋਹਣੀ

ਅਸਮਾਨ ਤੇ ਪਹਾੜ

ਨਵੇਂ ਸਾਲ ਦਾ ਅਸਮਾਨ
ਹੱਥਾਂ 'ਚ ਸੰਭਾਲ ਰਿਹਾ ਫੂਜੀ ਪਹਾੜ
ਦੀ ਮੁਸਕਰਾਹਟ

ਫੁੱਲਾਂ ਦੀ ਤਾਕਤ

ਸ਼ਾਮ ਸਮੇਂ ਘੰਟੀ ਦੀ ਆਵਾਜ਼
ਨੂੰ ਰੋਕ ਲਿਆ ਅਕਾਸ਼ ਵਿਚ
ਸਾਕੁਰਾ ਦੇ ਖਿੜਨ ਨੇ

ਤਿਤਲੀ ਤੇ ਕੁੜੀ

ਇਕ ਤਿਤਲੀ
ਕੁੜੀ ਦੇ ਰਾਹ ਵਿਚ
ਕਦੇ ਅੱਗੇ, ਕਦੇ ਪਿੱਛੇ

ਗੁੱਡੀ ਦਾ ਦਿਲ

ਗਿਰ ਕੇ ਵੀ
ਮੁਸਕਰਾ ਰਹੀ
ਇਕ ਗੁੱਡੀ

ਕਰਤਵਸ਼ੀਲੇ

ਸਵੇਰ ਜਾਂ ਸ਼ਾਮ
ਤਰੇਲ-ਤੁਪਕਾ ਆ ਟਿਕੇ

ਡੱਡੂ ਵੀ ਨਿਹਾਰੇ

ਪੈਰਾਂ ਭਾਰ ਬੈਠਾ

ਰਿਹਾ ਬੱਦਲਾਂ ਨੂੰ ਨਿਹਾਰ
ਇਕ ਡੱਡੂ

ਬੁੱਧ ਦੀ ਪੂਜਾ

ਤਿਤਲੀ ਵੀ
ਚੁੱਪ ਹੋ ਗਈ
ਬੁੱਧ ਦੀ ਪੂਜਾ ਸਮੇਂ

ਚੰਨ ਦੀ ਰਹਿਮਦਿਲੀ

ਸਿਰਫ਼ ਚਾਨਣੀ ਹੀ ਨਹੀਂ
ਚੰਨ ਦੀ ਠੰਡਕ ਵੀ
ਇਸ ਪੱਤੇ 'ਤੇ, ਉਸ ਪੱਤੇ 'ਤੇ

ਲੱਜਾ

ਫੁੱਲ ਦੀ ਮਹਿਕ ਨੂੰ
ਸਿਰਫ਼ ਪਿੱਠ ਦਿਖਾ ਰਹੀ
ਕੀਮੋਨੋ* ਬਦਲ ਰਹੀ ਕੁੜੀ

ਕੁੜੀ ਦਾ ਦਿਲ

ਕੀਮੋਨੋ ਨੂੰ ਜਾਂ ਕੁੜੀ ਦੇ ਦਿਲ ਨੂੰ
ਧੁੱਪ ਲਵਾਣੀ
ਕਦੇ ਵੀ ਕਾਫ਼ੀ ਨਹੀਂ

ਫੁੱਲ ਚਾਨਣੀ

ਚਿੱਟਾ ਫੁੱਲ ਚਾਨਣੀ
ਸੁਹੱਪਣ
ਲੁਕੀਆਂ ਵਸਤਾਂ ਦਾ

ਫੁੱਲ ਚਾਨਣੀ

ਚਿੱਟਾ ਫੁੱਲ ਚਾਨਣੀ
ਕੁੜੀ ਦਾ ਸਰੀਰ
ਪ੍ਰਗਟ ਹੋਇਆ

ਗਿਰ ਗਿਆ ਤਾਂ...

ਗਿਰ ਪਿਆ ਤਾਂ ਮਹਿਜ਼ ਪਾਣੀ

ਫੁੱਲ ਦੀ ਪੱਤੀ 'ਤੇ
ਪਿਆ ਤਰੇਲ-ਤੁਪਕਾ

ਛੁੱਟੀ ਅਤੇ ਵੇਸਵਾ

ਛੁੱਟੀ ਵਾਲੇ ਦਿਨ
ਵੇਸਵਾ ਜਾਗਦੀ ਇਕੱਲ 'ਚ
ਰਾਤ ਦੀ ਸਰਦੀ

ਭੋਲਾਪਣ

ਵਿਕਣ ਤੋਂ ਬਾਦ ਵੀ
ਬਟੇਰਾ ਭੁੱਲ ਨਾ ਸਕਿਆ
ਉਹ ਪੱਤਝੜ ਦਾ ਮੌਸਮ

ਕੁਝ ਖਿੜ ਸਕੇ ਨਾ

ਪੱਤਝੜ ਰੁੱਤ 'ਚ
ਖਿੜ ਗਏ ਕੁਝ ਬੂਟੇ
ਤੇ ਕੁਝ ਖਿੜ ਸਕੇ ਨਾ

ਸੁਪਨੇ ਦੀ ਪੈੜ

ਸੁਪਨਿਆਂ ਦੀਆਂ ਪੈੜਾਂ
ਇਕ ਤਿਤਲੀ
ਫੁੱਲ ਦੇ ਖੇਤ 'ਚ ਉੱਡੀ ਫਿਰੇ

ਬਾਅਦ ਵਿਚ

ਸਾਫ਼ ਪਾਣੀ ਠੰਡਾ ਹੋ ਗਿਆ
ਜੁਗਨੂੰ ਅਲੋਪ
ਪਿਛੇ ਬਚਿਆ ਨਹੀਂ ਕੁਝ ਹੋਰ

ਪਰਾਂ ਦੇ ਬੋਲ

ਕੈਸੀ ਤਿਤਲੀ ਹੈ ਇਹ
ਜੋ ਕਹਿਣਾ ਚਾਹੇ ਸਿਰਫ਼:
ਆਪਣੇ ਪਰਾਂ ਦੀ ਲਰਜਸ਼

ਕਿਹੜਾ ਪੰਛੀ

ਕਿਹੜਾ ਪੰਛੀ
ਗਾ ਰਿਹਾ

ਪਾਣੀ ਦਾ ਪਰਛਾਵਾਂ

ਮੋਰ ਮਾਰੇ

ਤਿਤਲੀ 'ਚ ਬਦਲ ਗਈ
ਦੂਰੋਂ ਉਸ ਦੀ ਟੋਪੀ
ਮੈਂ ਉਸ ਲਈ ਵਿਆਕੁਲ

ਅਲਵਿਦਾ

ਚੰਨ ਵੀ ਦੇਖ ਲਿਆ
ਤੇ ਮੈਂ ਅਲਵਿਦਾ ਕਹੀ
ਇਸ ਸੰਸਾਰ ਨੂੰ

ਕੋਬਾਯਾਸ਼ੀ ਇੱਸਾ(1763–1827)

ਕੀੜੀਆਂ ਵੀ

ਕੀੜੀਓ ਤੁਹਾਨੂੰ ਵੀ ਪਤਾ
ਰਾਤ ਲੰਬੀ ਲਗਦੀ ਹੋਵੇਗੀ
ਤੇ ਇਕੱਲਤਾ ਵੀ ਤਾਂ ਹੈ

ਮੁੱਦਤ ਹੋਈ

ਆਹ !ਪੱਤਝੜ ਦੀ ਹਵਾ !
ਮੈਂ ਤੇ ਮੇਰਾ ਬਚਪਨ
ਬੜੇ ਚਿਰ ਪਹਿਲਾਂ ਦੀ ਗੱਲ

ਤੁਰ ਗਏ ਨੂੰ ਸਵਾਲ

ਮੇਰੇ ਵਿਛੜ ਗਏ ਆਪਣੇ
ਅੱਜ ਕਿਥੇ ਟਿਕਾਇਆ ਹੋਵੇਗਾ
ਤੂੰ ਆਪਣਾ ਘਾਹ ਵਾਲਾ ਬਿਸਤਰਾ

ਬੁੱਢਾ ਕੁੱਤਾ

ਸਾਡਾ ਬੁੱਢਾ ਕੁੱਤਾ
ਧਿਆਨ ਨਾਲ ਸੁਣਦਾ ਲੱਗਦਾ

ਕੀੜੀਆਂ ਮਕੌੜਿਆਂ ਦੇ ਗੀਤ

ਭਿਖਾਰੀ ਅਤੇ ਸ਼ਾਮ

ਭਿਖਾਰੀ ਦੇ ਡੂੰਬੇ 'ਚ
ਚਾਰ ਜਾਂ ਪੰਜ ਸਿੱਕੇ ਨੇ
ਤੇ ਉਪਰੋਂ ਸ਼ਾਮ ਦੀ ਕਿਣਮਿਣ

ਇਨ੍ਹਾਂ ਰਾਹਾਂ ਤੇ

ਰੋਵੋ ਨਾ ਨਿੱਕੇ ਕੀੜਿਓ
ਇਸ ਰਾਹ ਤੇ ਤਾਂ
ਸਾਰਿਆਂ ਨੂੰ ਪਰਤਣਾ ਪੈਣਾ ਹੈ

ਬੇੜੀ ਅਤੇ ਲਹਿਰ

ਚਮਕਦਾ ਚੰਨ
ਤੇ ਨਿੱਕੀ ਬੇੜੀ ਵਹਿੰਦੀ
ਆ ਰਹੀ ਇਕ ਲਹਿਰ ਵਾਂਗ

ਬਾਰੀ ਬੰਸਰੀ ਬਣੀ

ਪੱਤਝੜ ਦੀ ਸ਼ਾਮ
ਬਾਰੀ ਵਿਚਲੀ ਮੋਰੀ
ਵਜਾ ਰਹੀ ਹੈ ਬੰਸਤੀ

ਬਾਕੀ ਬਚੀਆਂ

ਬਸੰਤ ਵਾਲੀ ਵਰਖਾ
ਬੱਤਕਾਂ ਜੋ ਖਾਣ ਤੋਂ ਬਚ ਗਈਆਂ
ਪਈਆਂ ਕੈਂ ਕੈਂ ਕਰਨ

ਉਤਸੁਕਤਾ

ਚਿੜੀਆਂ ਚਹਿਕਣ
ਕਿਤੇ ਉਹ ਦੋਵੇਂ ਭੈਣਾਂ ਤਾਂ ਨਹੀਂ
ਇਕੋ ਤਰ੍ਹਾਂ ਦੀ ਆਵਾਜ਼

ਸਹਿਜਤਾ

ਚਿੜੀਆਂ ਚਹਿਕਣ
ਰੱਬ ਦੇ ਸਾਹਮਣੇ ਵੀ
ਨਾ ਬਦਲਣ ਆਵਾਜ਼

ਪੂਜਾ

ਨਿੱਕੀਆਂ ਚਿੜੀਆਂ
ਫੁੱਲਾਂ ਵੱਲ ਮੂੰਹ ਖੋਲ੍ਹਦੀਆਂ
ਇਹ ਵੀ ਪੂਜਾ ਹੈ

ਅਖੀਰ ਵਿੱਚ

ਮੀਂਹ ਸ਼ੁਰੂ ਹੋ ਗਿਆ ਹੈ
ਤੇ ਇਕੋ ਆਦਮੀ ਰਹਿ ਗਿਐ
ਸਾਕੁਰਾ ਦੇ ਫੁੱਲਾਂ ਹੇਠ

ਇੰਤਜ਼ਾਰ 'ਚ

ਧੁੰਦਲਕਾ ਫੈਲਦਾ ਹੈ
ਕਿਨਾਰੇ ਤੇ ਖੜ੍ਹੀ ਇੰਤਜ਼ਾਰ 'ਚ ਕੁੜੀ ਤੋਂ
ਸ਼ਾਮ ਦੀਆਂ ਲਹਿਰਾਂ ਤੇ

ਧੁੰਦ ਵਿੱਚ ਛਤਰੀਆਂ

ਉਨ੍ਹਾਂ ਦੀਆਂ ਛਤਰੀਆਂ
ਅਲਵਿਦਾ....ਅਲਵਿਦਾ...
ਹਲਕੀ ਧੁੰਦ ਵਿਚਕਾਰ

ਅਲਵਿਦਾ ਤੋਂ ਮਗਰੋਂ

ਨਜ਼ਰ ਤੋਂ ਓਹਲੇ ਹੋਇਆ ਆਪਣਾ ਪਿੰਡ
ਪਰ ਪਿਛੋਂ ਅਵਾਜ਼ ਸੁਣਾਈ ਦੇ ਰਹੀ
ਉਥੇ ਕੁਰਲਾਂਦੇ ਇਕ ਪੰਛੀ ਦੀ

ਫੁੱਲਾਂ ਦੀ ਸਦੀਵਤਾ

ਮੇਰੇ ਤੋਂ ਪਹਿਲਾ ਵੀ
ਕਈ ਆਏ ਕਈ ਗਏ
ਪਰ ਉਸੇ ਤਰ੍ਹਾਂ ਖਿੜ ਰਹੇ ਜਾਮਣੀ ਫੁੱਲ

ਦੁੱਖ ਤੋਂ ਬਾਅਦ

ਫੁੱਲ ਖਿੜਿਆ
ਕਈ ਦੁੱਖ ਝਲਣ ਤੋਂ ਬਾਦ
ਗਾਣ ਲੱਗਾ ਹੈ ਇਕ ਪੰਛੀ

ਵਕੀਲ ਦੀ ਕੋਇਲ

ਹੁਣ ਮੇਰਾ ਤੇ ਘਾਹ ਪੱਤੀਆਂ ਦਾ
ਬਚਿਆ ਨਾ ਕੰਮ ਕੋਈ ਖ਼ਾਸ
ਨੀ ਸਮਿਆਂ ਦੀਏ ਕੋਇਲੇ!

ਸਲਾਹ

ਕਬੂਤਰ ਦੇਵੇ ਸਲਾਹ
:ਵੇ ਉੱਲੂਆ!
ਬਦਲ ਲੈ ਤੂੰ ਆਪਣੇ ਮੁਰਦਾ ਸਵਰ
ਬਹਾਰ ਦੀ ਵਰਖਾ ਵਿਚ
(ਮੰਦਰ 'ਚ ਨਰਕ ਦੇ ਚਿੱਤਰ ਦੇਖ ਕੇ ਪਰਤਣ ਸਮੇਂ)

ਮੈਂ ਕਿੱਧਰ ਨੂੰ?

ਪੱਤਝੜ ਦੀ ਹਵਾ
ਉਹ ਕਿਹੜਾ ਨਰਕ ਹੈ
ਜਿਸ ਵੱਲ ਮੈਂ ਜਾ ਰਿਹਾ ਹਾਂ?

ਮੇਰਾ ਘਰ

ਤਰੇਲ ਦੇ ਮੋਤੀ
ਹਰ ਇਕ ਵਿਚ ਨਜ਼ਰ ਆਵੇ
ਮੈਨੂੰ ਆਪਣਾ ਘਰ

ਕੋਇਲ ਦੀ ਸ਼ੈਲੀ

ਆ, ਚੀਲ ਦੇ ਬਿਰਖ਼ ਮੂਹਰੇ ਆ
ਤੇ ਆਪਣੇ ਨਾਮ ਤੇ ਸ਼ੈਲੀ ਬਾਰੇ
ਕੁਝ ਦਸ ਨੀ ਕੋਇਲ!

ਪਿਆਰੇ ਟਿੱਡੇ!

ਅਤੇ ਜਦ ਮੈਂ ਮਰ ਜਾਵਾਂਗਾ
ਤਾਂ ਤੂੰ ਮੇਰੀ ਕਬਰ ਦੀ
ਦੇਖ ਭਾਲ ਕਰਿਆ ਕਰੀਂ–ਪਿਆਰੇ ਟਿੱਡੇ!

ਹਰ ਥਾਂ ਇਕੋ ਜਿਹਾ

ਕੁਰਲਾਂਦੀਏ ਕੂੰਜੇ

ਹਰ ਥਾਂ ਇਕੋ ਜਿਹਾ ਹੈ
ਇਹ ਵਹਿੰਦਾ ਸੰਸਾਰ.....

ਵਿਚਾਰਾ ਪੰਛੀ

ਦੁਪਹਿਰ ਦੀ ਰੋਟੀ
ਗਿਰ ਗਈ ਚੁੰਝ 'ਚੋਂ
ਵਿਚਾਰਾ ਪੰਛੀ

ਸੁਆਗਤ

ਅੱਜ ਤੋਂ ਬਾਦ
ਤੁਸੀਂ ਜਾਪਾਨ ਦੇ ਪੰਛੀ
ਸੌਣਾ ਬੇਫ਼ਿਕਰੀ ਨਾਲ

ਹਸਦੇ ਖੇਲ੍ਹਦੇ

ਚਾਹ ਦੇ ਫੁੱਲਾਂ ਵਿਚ
ਲੁਕਣਛੀਪੀ ਖੇਲ੍ਹਣ
ਉਹ ਚਿੜੀਆਂ ਨੇ

ਸਦਾ ਤੀਰਥ ਯਾਤਰੀ

ਜਿਹੜੇ ਪਾਸੇ ਗਈ ਪੱਤਝੜ ਦੀ ਹਵਾ
ਉਸੇ ਪਾਸੇ ਦੀ ਉਹ ਵੀ ਕਰੇ
ਤੀਰਥੇ ਯਾਤਰਾ

ਹਵਾ ਲਈ ਜਸ਼ਨ

ਠੰਡੀ ਹਵਾ ਦਾ ਬੁੱਲਾ–
ਪੂਰੇ ਜ਼ੋਰ ਨਾਲ ਗਾ
ਹੁਣ ਤੂੰ ਘਾ–ਟਿੱਡੇ

ਤਕਰਾਰ

ਤਰੇਲ ਦੀ ਦੁਨੀਆਂ
ਤਰੇਲ ਦੇ ਇਕ ਤੁਪਕੇ ਅੰਦਰ ਵੀ
ਚਲਦਾ ਹੈ ਤਕਰਾਰ

ਚਲਣ ਵੇਲਾ

ਤਰੇਲ ਸੁਣਕ ਲਗੀ ਹੈ
ਅਬਰ ਨਾਲ ਆਪਣੇ ਕਾਰਜ ਮੁਕਾ

ਚਹਿਚਹਾਂਦੀ ਚਿੜੀਏ!

ਹਿਜਰ ਦੀਆਂ ਘੜੀਆਂ

ਰੋਵੋ ਨਾ ਨਿੱਕੇ ਕੀਓਂ
ਪਿਆਰਿਆਂ ਤੋਂ ਵਿਛੜਨ ਦਾ ਵਕਤ ਤਾਂ
ਤਾਰਿਆਂ ਨੂੰ ਵੀ ਪੈਂਦਾ ਹੈ ਦੇਖਣਾ

ਬੁੱਤ ਤੇ ਚਿੜੀ

ਬੁੱਧ ਦੇ ਵੱਡੇ ਬੁੱਤ ਦੇ
ਨੱਕ 'ਚੋਂ ਬਾਹਰ ਝਾਕੇ
ਇਕ ਚਿੜੀ

ਚਿੜੀਆਂ ਜਾਪਣ ਜਿਵੇਂ...

ਚਿੜੀਆਂ ਜਾਪਣ ਜਿਵੇਂ
ਪਰਤੀਆਂ ਤੀਰਥ ਯਾਤਰਾ ਕਰਕੇ
ਜ਼ੇਨ ਕੋਜੀ ਦੇ ਮੰਦਰ ਤੋਂ

ਕਲਾ ਪ੍ਰਸੰਸਕ ਚਿੜੀਆਂ

ਚਿੜੀਆਂ ਵੀ ਪਹੁੰਚੀਆਂ ਵਕਤ 'ਤੇ
ਬੁੱਧ ਦੇ ਬੁੱਤਾਂ ਦੀ
ਸਵੇਰ ਵਾਲੀ ਨੁਮਾਇਸ਼ 'ਤੇ

ਨੁਮਾਇਸ਼ ਅਤੇ ਚਿੜੀਆਂ

ਨਮਾਇਸ਼ 'ਤੇ ਆਈਆਂ
ਮਾਪੇ ਚਿੜੀਆਂ ਵੀ
ਤੇ ਨਾਲੇ ਬੱਚੇ ਚਿੜੀਆਂ ਵੀ

ਡੱਡੂ ਗੁੱਸੈ ਖੋਰ

ਡੱਡੂ
ਝਾਕਦਾ ਹੈ ਮੇਰੇ ਵੱਲ
ਪਰ ਗੁੱਸੈ ਵਾਲੇ ਚਿਹਰੇ ਨਾਲ

ਹਵਾ ਦੀ ਨਿਮਰਤਾ

ਘਾਹ ਦੀ ਇਕ ਪੱਤੀ ਕੋਲ ਵੀ
ਠੰਡੀ ਹਵਾ ਆ ਕੇ
ਕਰਦੀ ਹੈ ਕਿਆਮ

ਨਿਰਲੇਪ

ਇਹ ਮਨੁੱਖੀ ਸੰਸਾਰ
ਇਸ ਦੇ ਚਿੱਕੜ ਭਰੇ ਖੇਤਾਂ 'ਚ
ਕਮਲ ਦਾ ਫੁੱਲ ਵੀ ਉੱਗ ਪੈਂਦਾ

ਕਬਰਾਂ ਅਤੇ ਕੁੱਤਾ

ਸਾਡਾ ਬੁੱਢਾ ਹ ਚੁੱਕਾ ਕੁੱਤਾ
ਕਬਰਾਂ ਮੁਹਰੇ ਸਭ ਤੋਂ ਅੱਗੇ ਆ ਖੋਲਤਾ
ਪੁਰਖਿਆਂ ਨੂੰ ਸ਼ਰਧਾਂਜਲੀ ਦੇਣ ਸਮੇਂ

ਘਰ ਜਾਂ!

ਬਿੱਲਿਆ ਜਲਦੀ ਕਰ!
ਜਲਦੀ ਘਰ ਜਾ!
ਉਡੀਕ 'ਚ ਤੇਰੀ
ਘਰ ਵਾਲੀ ਕਰਦੀ ਹੋਵੇਗੀ ਵਿਰਲਾਪ

ਜਿਉਂਦੀਆਂ ਬੱਤਖਾਂ

ਬਹਾਰ ਦੀ ਕਿਣਮਿਣ–
ਖਾਣ ਤੋਂ ਬਣ ਗਈਆਂ ਬੱਤਖਾਂ
ਮਾਣ ਰਹੀਆਂ ਇਸ ਨੂੰ ਸੰਗੀਤ ਵਾਂਗ

ਨੀ ਕੋਇਲ!

ਪਿਛਲੇ ਜਨਮ ਵਿਚ
ਕਿਤੇ ਮੈਂ ਤੇਰਾ ਭਰਾ ਤਾਂ ਨਹੀਂ ਸੀ
ਨੀ ਕੋਇਲ!

ਤਿਤਲੀ

ਇਧਰ ਉਧਰ ਫਿਰੇ ਫੜਫੜਾਂਦੀ
ਜਿਵੇਂ ਉਪਰਾਮ ਹੋ ਗਈ ਹੋਵੇ
ਇਸ ਸੰਸਾਰ ਤੋਂ ਤਿਤਲੀ

ਬੱਚੀ ਅਤੇ ਤਿਤਲੀ

ਫਾਟਕ ਦੇ ਬਾਹਰ ਤਿਤਲੀ
ਬੱਚੀ ਸਰਕੇ...ਉੱਡ ਜਾਵੇ...
ਮੁੜ ਸਰਕੇ...ਮੁੜ ਉੱਡ ਜਾਵੇ...

ਤਿਤਲੀ ਤੇ ਮੈਂ

ਉੱਡੀ ਫਿਰੇ ਇਕ ਤਿਤਲੀ
ਮੈਨੂੰ ਲੱਗੇ ਆਪਣਾ ਆਪਾ
ਕੋਈ ਮਿੱਟੀ-ਧੂੜ ਵਾਲਾ ਜੀਵ

ਫੁੱਲਦਾਨ ਕੋਲ

ਫੁੱਲਦਾਨ ਕੋਲ
ਤਿਤਲੀ ਸੁਣ ਰਹੀ
ਕੋਈ ਅਨਹਦ ਨਾਦ

ਅਗਲੇ ਜਨਮ 'ਚ

ਕਿੰਨੀਆਂ ਖੁਸ਼ ਤੇ ਸਨੇਹ ਪੂਰਨ!
ਮੈਂਵੀ ਅਗਲੇ ਜਨਮ 'ਚ ਹੋਵਾਂਗਾ
ਖੇਤ 'ਚ ਉੱਡੀ ਫਿਰਦੀ ਕੋਈ ਤਿਤਲੀ

ਸਾਡੇ ਸੰਸਾਰ 'ਚ

ਸਾਡੇ ਇਸ ਸੰਸਾਰ ਵਿਚ
ਤਿਤਲੀ ਦੀ ਹਸਤੀ ਵੀ
ਰੁੱਝੀ ਰੁੱਝੀ ਜਾਪੇ

ਰਿਸ਼ਤਾ

ਤਿਤਲੀ ਨਾਲ ਮੈਂ ਵੀ ਲਈ ਪਹਾਨ
ਬਿਰਖ਼ ਦੀ ਛਾਂ ਹੇਠ
ਇਹ ਵੀ ਪਿਛਲੇ ਜਨਮਾਂ ਦਾ ਕਰਮ ਹੋਵੇਗਾ

ਲੋਕ ਅਤੇ ਪੱਤੇ

ਲੋਕ ਥੋੜ੍ਹੇ
ਇਕ ਪੱਤਾ ਇਥੇ ਗਿਰੇ
ਇਕ ਪੱਤਾ ਉਥੇ ਗਿਰੇ

ਮਾਪੇ

ਮਾਪੇ ਸ਼ਬਦ ਦੇ ਅਰਥ
ਸਮਝਣ ਤੋਂ ਬਾਦ
ਅਸੀਂ ਹੋ ਜਾਈਏ ਹੋਰ ਵੀ ਉਦਾਸ

ਆਖਰ

ਅਣਹੋਏ ਬੰਦਿਆਂ!

ਫੁੱਲਾਂ ਦੇ ਸ਼ਹਿਰ ਵਿੱਚ ਵੀ
ਆਖਰ ਪੱਤਝੜ ਦੀ ਹਵਾ ਆ ਜਾਵੇਗੀ

ਚੰਨ ਦੀ ਰਹਿਮਦਿਲੀ

ਬੇਲੋੜ ਬੰਦਿਆ!
ਕਿੰਨੀ ਕੋਮਲਤਾ ਨਾਲ ਝਿੜਕੇ
ਤੈਨੂੰ ਇਹ ਪੱਤਝੜ ਦਾ ਚੰਨ

ਸਾਡੇ ਵਰਗੇ

ਟਿੱਡੇ ਚਿਰ ਚਿਰ ਦੀਆਂ ਅਵਾਜ਼ਾਂ ਕਰਦੇ
ਟਪੂਸੀਆਂ ਮਾਰਨ ਵਾਰੋ ਵਾਰੀ
ਬਿਲਕੁਲ ਸਾਡੇ ਵਰਗੇ

ਅਸੀਂ ਹੁਣ ਚੱਲੇ

ਅਸੀਂ ਹੁਣ ਚੱਲੇ
ਮਨ ਮੌਜਾਂ ਕਰੋ
ਸਾਡੀ ਝੁੱਗੀ ਦੀ ਮੱਖੀਓ!

ਚੰਨ ਦੀ ਰਹਿਮਦਿਲੀ

ਪਰਬਤਾਂ ਉਪਰਲਾ ਚੰਨ
ਕੋਮਲਤਾ ਨਾਲ ਬਿਖੇਰ ਰਿਹਾ ਚਾਨਣੀ
ਫੁੱਲਾਂ ਦੇ ਚੋਰ ਤੇ

ਆਪਣੇ ਆਪ 'ਚ ਮਗਨ

ਝਾੜੀਆਂ ਦੀ ਛਾਂ ਹੇਠ
ਆਪਣੇ ਆਪ'ਚ ਮਗਨ ਇਕ ਕੁੜੀ
ਗਾ ਰਹੀ ਹੈ ਬਿਜਾਈ ਦੇ ਗੀਤ

ਵਿਚਾਰੇ ਮਨੁੱਖ

ਵਿਚਾਰੇ ਮਨੁੱਖ
ਸਿਆਲ ਦੀ ਚੰਨ ਨੂੰ
ਆਖਦੇ ਕੁਝ ਚਿਰ ਹੋਰ ਰੁਕਣ ਲਈ

ਇੰਨੇ 'ਚ

ਇਕ ਝਲਕ ਚੰਦ ਦੀ
ਇਕ ਗੀਤ ਕੋਇਲ ਦਾ

ਬਸ ਇੰਨੇ 'ਚ ਰਾਤ ਮੁੱਕ ਗਈ

ਹਮਦਰਦੀ

ਅਸੀਂ ਤੈਨੂੰ ਘਰ ਕਿਰਾਏ ਤੇ ਦਿੰਦੇ ਹਾਂ
ਜਦ ਤਕ ਤੇਰੇ ਬੋਟ ਪਲ ਨਹੀਂ ਜਾਂਦੇ
ਨੀ ਚਿੜੀਏ!

ਨਾ ਜਾ

ਨਾ ਜਾ, ਨਾ ਜਾ
ਤੇਰਾ ਸਾਥ ਨਿਭਾਉਣ ਲਈ
ਮੈਂ ਜੋ ਹਾਂ ਨੀ ਕੋਇਲੇ ਪਿੰਡ ਦੀਏ!

ਚੁੱਪ ਰਹਿ ਕੇ ਵੀ

ਕੀਟ ਪਤੰਗ ਗਾਂਦੇ ਹਨ
ਪਰ ਕੀੜੀ ਚੁੱਪ ਰਹਿ ਕੇ ਵੀ
ਆਪਣੀ ਹੋਂਦ ਜਤਲਾ ਜਾਂਦੀ ਹੈ

ਅਦਭੁੱਤ ਸੰਸਾਰ

ਕਿੰਨਾ ਅਦਭੁੱਤ ਹੈ ਇਹ ਸੰਸਾਰ
ਜਿਥੇ ਟਿੱਡੀਆਂ ਗਾਣ ਗੀਤ ਆਪਣੇ
ਤੇ ਨੱਚਣ ਇੱਲਾਂ ਘੁੰਮ ਘੁੰਮ ਕੇ

ਰਹਿਮ ਦਿਲ ਕੋਇਲ

ਕਦੇ ਮੇਰੇ ਲਈ ਕਦੇ ਪਰਬਤ ਲਈ
ਉਹ ਵਾਰੋ ਵਾਰੀ ਗਾਂਦੀ ਹੈ
ਕੋਇਲ

ਕਾਂ ਕਾਂ ਸੁਣ ਕੇ

ਅਗਲੀ ਵਾਰੀ ਮੇਰੀ ਹੈ!
ਕੀ ਇਹ ਸੰਸਾਰ ਅਲੋਪ ਹੋਣ ਲੱਗਾ ਹੈ
ਕਉਂ ਕਾਂ ਕਰਦਿਆ ਕਾਵਾਂ?

ਭੋਲਾ ਨੌਕਰ

ਸਧਾਰਣ ਤੇ ਇਮਾਨਦਾਰ
ਸਫਾਈ ਕਰ ਆਇਆ ਗੁਆਂਢੀ ਬੂਹੇ ਤਕ
ਉਹ ਨੌਕਰ

ਮੇਰੀ ਜ਼ਿੰਦਗੀ

ਚੰਨ ਅਤੇ ਫੁੱਲ ਹੇਠ
ਉਣੰਜਾ ਸਾਲ
ਵਿਅਰਥ ਦੀ ਆਵਾਰਗੀ

ਮੇਰੇ ਮਨ ਵਿੱਚ

ਪੱਤਝੜ ਦੀ ਹਵਾ
ਇੱਸਾ ਦੇ ਮਨ ਵਿੱਚ
ਸੋਚਾਂ ਉੱਡੀਆਂ ਫਿਰਨ

ਫੁੱਲਾਂ ਦੀ ਰਹਿਮਦਿਲੀ

ਬੁੱਢਾ ਹੋ ਰਿਹਾ ਹਾਂ ਮੈਂ
ਫਿਰ ਮੈਂ ਮੈਨੂੰ ਨਾ ਪਸੰਦ ਨਹੀਂ ਕਰਦੇ
ਸਾਕੁਰਾ ਦੇ ਸੋਹਣੇ ਫੁੱਲ

ਰਾਹਾਂ ਤੇ

ਸੂਜ਼ੂਮੇ ਨੋ ਕੋ
ਸੋਕੋ ਨੋਕੇ ਸੋਕੋ ਨੋਕੇ
ਓ-ਊਮਾ ਗਾ ਤੋ ਰੂ

ਚਿੜੀਓ ਨੀ ਚਿੜੀਓ

ਚਿੜੀਓ ਨੀ ਚਿੜੀਓ
ਪਰ੍ਹਾਂ ਹੋ ਜੋ ਪਰ੍ਹਾਂ ਹੋ ਜੋ
ਘੋੜੇ ਜੀ ਨੇ ਲੰਘਣਾ ਹੈ

ਅਲਵਿਦਾ

''ਇਸ ਭੈੜੇ ਜੱਗ ਤੇ
ਹੋਰ ਰਹਿ ਕੇ ਕੀ ਕਰਨਾ''
ਕਹਿ ਕੇ ਵਹਿ ਗਿਆ ਤਰੇਲ ਤੁਪਕਾ

ਬੇਢੱਬਾ ਸੰਸਾਰ

ਕਮਲ ਦੇ ਫੁੱਲ ਤੇ
ਇਸ ਸੰਸਾਰ ਦਾ ਤਰੇਲ ਤੁਪਕਾ
ਬੇਢੱਬਾ ਹੋ ਗਿਆ ਲੱਗੇ

ਝੁੱਗੀ ਵਰਗੀ ਹੋਂਦ

ਇਸ ਸਾਲ ਫੇਰ
ਬੁੱਢੀ ਧਰਤੀ ਤੇ ਹੈ ਕਾਇਮ
ਕਾਨਿਆਂ ਦੀ ਬਣੀ ਇਹ ਝੁੱਗੀ

ਗੁਆਂਢੀ

ਗੁਆਂਢੀਆਂ ਤੋਂ ਆਇਆ ਹੈ
ਮਿਜਾਜ਼ਪੁਰਸੀ ਦਾ ਸਨੇਹਾ
ਦੇਰ ਨਾਲ ਖਿੜੇ ਸਾਕੁਰਾ ਦੇ ਫੁੱਲ ਵਰਗਾ

ਫੁੱਲ ਅਤੇ ਬੱਚੀ

ਇੰਨਾ ਵੱਡਾ ਸੀ ਫੁੱਲਾਂ ਵਾਲਾ ਪੌਦਾ
ਦਸ ਰਹੀ ਨਿੱਕੀ ਜਿਹੀ ਕੁੜੀ
ਆਪਣੀਆਂ ਬਾਹਾਂ ਖੋਲ੍ਹ ਕੇ

ਕਾਹਲਾ ਮਨੁੱਖ

ਪਾਣੀ ਦੇ ਵਹਿਣ ਵਾਂਗ
ਕਿੰਨਾ ਕਾਹਲਾ ਹੈ ਮਨੁੱਖ
ਹਰ ਮੌਕੇ ਤੇ

ਬੰਦੇ ਦੀ ਜੂਨ

ਆਮ ਗੱਲ ਨਹੀਂ ਸੀ!
ਬੰਦੇ ਦੀ ਜੂਨੇ ਆਏ ਸੀ
ਹੁਣ ਪੱਤਝੜ ਮੁੱਕਣ ਲੱਗੀ ਹੈ

ਬੇਅੰਤ ਆਕਾਰ

ਕੀੜੀਆਂ ਦੀ ਕਤਾਰ
ਲੱਗੇ ਬਦਲਾਂ ਦੇ ਢੇਰ ਤਕ
ਨਿਰੰਤਰ ਫੈਲੀ ਹੋਈ

ਮਾਸੂਮ ਆਕਾਰ

ਕਤੂਰਾ ਕੀ ਜਾਣੇ
ਹੈ ਪੱਤਝੜ ਆ ਗਈ
ਉਹ ਬੁੱਧ ਹੀ ਤਾਂ ਹੈ

ਉਤਸੁਕਤਾ

ਬਗਲੇ ਓ ਬਗਲੇ

ਕਿੰਨੀ ਉਮਰ ਸੀ ਤੇਰੀ
ਜਦ ਤੂੰ ਕਤਿੰਤੀ ਸੀ ਯਾਤਰਾ ਪਹਿਲੀ

ਟਿੱਡਿਆ ਨਾਲ ਸਾਂਝ

ਸਿਆਣਾ ਬਣ ਕੇ ਰਹੀਂ
ਤੇ ਪਿੱਛੋਂ ਰੱਖੀਂ ਖਿਆਲ ਘਰ ਦਾ
ਓ ਟਿੱਡਿਆ!

ਕੁਝ ਚੰਗੇ ਕੁਝ ਮਾੜੇ

ਬੀਂਡਿਆਂ ਦੀ ਦੁਨੀਆਂ ਵਿੱਚ ਵੀ
ਕੁਝ ਚੰਗੇ ਜਾਣ ਵਿੱਚ
ਤੇ ਕੁਝ ਮਾੜੇ

ਦਇਆ

ਦੁੱਧ ਦੁੰਘ ਰਹੇ ਬੱਚੇ ਨੂੰ
ਬਚਾ ਰਿਹਾ ਸਰਦ ਹਵਾ ਤੋਂ
ਇਕ ਡਰਨਾ

ਬੁਢਾਪਾ

ਬੁਢਾਪੇ ਵਿੱਚ ਮੈਨੂੰ
ਇਕ ਡਰਨੇ ਸਾਹਵੇਂ ਵੀ
ਸ਼ਰਮ ਆਵੇ ਆਪਣੇ ਆਪ ਤੇ

ਮਨੁੱਖਾਂ ਖਾਤਰ

ਸਰਦ ਮੀਂਹ ਵਿੱਚ ਖੜ੍ਹਾ
ਮਨੁੱਖਾਂ ਦੀ ਖਾਤਰ
ਉਹ ਬੁੱਤ ਬੁੱਧ ਦਾ

ਨਾਲੋ ਨਾਲ

ਵਹਿਣ ਦੇ ਨਾਲੋ ਨਾਲ
ਮੈਂ ਤੁਰਦਾ ਜਾਵਾਂ
ਮੈਂ ਰੁਕਦਾ ਜਾਵਾਂ

ਸੰਸਾਰ

ਦੂਰ ਤਕ ਫੈਲੀ ਬੰਜਰ ਜ਼ਮੀਨ
ਵਿੱਚ ਖੜ੍ਹਿਆ ਬੁੱਧ ਦਾ ਬੁੱਤ

ਨੱਕ ਤੇ ਲਟਕੇ ਬਰਫ ਨੁਕੀਲੀ

ਉਹੀ ਪਹਾੜ

ਇਹੀ ਪਹਾੜ ਦੇਖੇ ਹੋਣਗੇ
ਮੇਰੇ ਬਾਪ ਨੇ ਇਸੇ ਤਰ੍ਹਾਂ
ਸਰਦੀਆਂ ਦੇ ਮੌਸਮ ਵਿੱਚ

ਸਾਗਰ ਤੇ ਮਾਂ

ਦੇਖਾਂ ਮੈਂ ਸਾਗਰ ਵੱਲ
ਦੇਖਾਂ ਸਾਗਰ ਵੱਲ
ਮਾਏ !ਨੀ ਤੇਰੀ ਯਾਦ ਆਵੇ

ਉਤਸ਼ਾਹ ਨਾਲ

ਧੁਪਹਿਲੀ ਪਾਲੇ ਦੀ ਸਵੇਰ
ਕੋਲੇ ਬਲ ਰਹੇ ਬੜੇ ਉਤਸ਼ਾਹ ਨਾਲ
ਸਰੜ !ਸਰੜ !ਕਰਕੇ

ਬੀਤ ਰਹੀ

ਕੋਲੇ ਬਲਦੇ ਰਹੇ
ਸਾਡੇ ਸਾਲ ਵੀ
ਇੰਜ ਹੀ ਘਟਦੇ ਰਹੇ

ਨਿੱਕਾ ਬੋਟ ਅਤੇ ਮਾਪੇ

ਨਿੱਕਾ ਬੋਟ
ਬੁਲਾ ਰਿਹਾ ਆਪਣੇ ਮਾਪਿਆ ਨੂੰ
ਪੀਲੀ ਆਵਾਜ਼ ਨਾਲ

ਰਿਜ਼ਕ

ਇਕ ਪਰਿੰਦਾ
ਕਮਾ ਰਿਹਾ ਰਿਜ਼ਕ
ਚੁੱਪਚਾਪ

ਰਯੋਕਾਨ (1758–1831)

ਦੋ ਰੁੱਖ

ਬਾਗ 'ਚ ਨਜ਼ਰ ਆਣ ਦੋ ਰੁੱਖ
ਇਕ ਰੁੱਖ ਲੱਦਿਆ ਫੁੱਲਾਂ ਨਾਲ
ਦੂਜਾ ਬਿਰਧ ਭਰਪੂਰ ਸਾਲਾਂ ਨਾਲ

ਬੀਤ ਰਹੇ ਦਿਨ

ਦਿਨ ਗਿਣਨਾ ਜਿਵੇਂ ਕੋਈ
ਉਂਗਲੀਆਂ ਦੇ ਕੜਾਕੇ ਪਾਵੇ
ਮਈ ਵੀ ਬੀਤ ਜਾਵੇ ਕਿਸੇ ਸੁਪਨੇ ਵਾਂਗ

ਖਿੜਦੇ ਫੁੱਲ

ਯਾਹੀਕੋ ਪਹਾੜ ਉਤੇ
ਨਜ਼ਰ ਆਣ ਦੋਵੇਂ ਹੀ
ਖਿੜਦੇ ਫੁੱਲ ਤੇ ਨਾਲ ਖਿੜਦੇ ਬਾਲ

ਮਨੋਕਾਮਨਾ

ਮੋਰੀ ਇਕੋ ਹੈ ਮਨੋਕਾਮਨਾ
ਇਕ ਰਾਤ ਸੌਂ ਲਵਾਂ
ਖਿੜੇ ਸਾਕੁਰਾ ਦੇ ਫੁੱਲਾਂ ਹੇਠ

ਚੋਰ ਦੀ ਅਣਗਹਿਲੀ

ਪਿੱਛੇ ਆਪਣੇ ਭੁੱਲ ਗਿਆ ਹੈ ਉਹ ਚੋਰ
ਇਕ ਪੂਰਾ ਚੰਨ
ਮੇਰੇ ਘਰ ਦੀ ਖਿੜਕੀ ਦੇ ਬਾਹਰ

ਪਰਿੰਦੇ

ਮੈਨੂੰ ਅਵਾਜ਼ਾ ਦੇ ਰਹੇ
ਘਰਾਂ ਨੂੰ ਮੁੜਦੇ ਰਾਤ ਨੂੰ
ਉਹ ਪਰਿੰਦੇ ਜੰਗਲੀ

ਮੇਰਾ ਬਿਰਧ ਸਰੀਰ

ਮੇਰਾ ਬਿਰਧ ਸਰੀਰ
ਜਿਵੇਂ ਬਾਂਸ ਦਬ ਗਿਆ
ਠੰਡੀ ਬਰਫ ਦੇ ਹੇਠ

ਹਵਾ ਦੀ ਰਹਿਮਦਿਲੀ

ਹਵਾ ਲੈ ਕੇ ਆ ਗਈ
ਚੋਖੇ ਸਾਰੇ ਝੜੇ ਹੋਏ ਪੱਤੇ
ਅੱਗ ਬਾਲਣ ਲਈ

ਬਜ਼ਾਰ ਵਿੱਚ

ਪੀਵਾਂ ਬੈਠਾ ਦਾਰੂ ਵਾਹੀਕਾਰਾਂ ਨਾਲ
ਜਦ ਤਕ ਗਿਰਦੀ ਬਰਫ
ਕਰ ਨਾ ਗਈ ਸਫੇਦ ਸਾਡੇ ਭਰਵੱਟੇ

ਦਿਲ ਤੇ ਹਵਾ

ਬਿਰਧ ਸੰਨਿਆਸੀ ਦਾ ਦਲ
ਕਿਰਪਾਲੂ ਹਵਾ ਜਿਵੇਂ
ਵਗੇ ਖੁੱਲ੍ਹੇ ਅਸਮਾਨ ਹੇਠ

ਸ਼ੀਕੀ ਮਾਸਾਓਕਾ(1867–1902)

ਖੰਡਰ, ਫੁੱਲ ਤੇ ਮੀਂਹ

ਇਕ ਖੰਡਰਨੁਮਾ ਕੰਧ ਤੇ
ਫੁੱਲਾਂ ਵਾਲੀ ਇਕ ਝਾੜੀ
ਤੇ ਮੂਸਲਾਧਾਰ ਮੀਂਹ ਪੈ ਰਿਹਾ

ਅਮੀਰੀ

ਫੁੱਲਾਂ ਦੇ ਖੇਤਾਂ ਵਿਚਕਾਰ
ਕਿੰਨਾ ਅਮੀਰ ਲੱਗੇ
ਇਹ ਪਿੰਡ

ਵਿਪਰੀਤ ਦੀ ਵਰਤਾਰੇ

ਖੰਡਰ ਹੋਏ ਮੰਦਰ ਵਿੱਚ
ਜਿਸ ਦੀ ਘੰਟੀ ਵੀ ਚੋਰੀ ਹੋ ਚੁੱਕੀ ਹੈ
ਸਾਕੁਰਾ ਦੇ ਫੁੱਲਾਂ ਨੇ ਖਿੜਨਾ ਸ਼ੁਰੂ ਕੀਤਾ

ਫੁੱਲਾਂ ਦੀ ਖਲ੍ਹਦਿਲੀ

ਕੰਵਲ ਦੇ ਫੁੱਲ

ਖਿੜ ਰਹੇ
ਉਸ ਉਦਾਸ ਸਟੇਸ਼ਨ ਤੇ

ਫੁੱਲ ਅਤੇ ਪੱਥਰ

ਲੂ ਵਗੇ
ਬਿਰਖਾਂ ਦੇ ਫੁੱਲ
ਡਿੱਗ ਰਹੇ ਪੱਥਰਾਂ ਤੇ

ਕਮੀਜ਼ ਦੀ ਮਰਜ਼ੀ

ਮੇਰੀ ਗਰਮੀਆਂ ਵਾਲੀ ਕਮੀਜ਼
ਮੈਥੋਂ ਖਹਿੜਾ ਛੁੜਾ ਕੇ
ਦੂਰ ਉੱਡ ਜਾਣਾ ਚਾਹੇ

ਬੁੱਧ ਵੀ, ਪੱਤੇ ਵੀ

ਬੁੱਧ ਦਾ ਬੁੱਤ ਖੜ੍ਹਾ
ਹੱਥਾਂ ਉਪਰ ਉਸ ਦੇ
ਸੁੱਕੇ ਪੱਤੇ ਆਣ ਪਏ

ਚਮਤਕਾਰੀ ਡਰਨਾ

ਜਿਹੜੇ ਮਰਜ਼ੀ ਪਾਸੇ ਤੋਂ ਦੇਖੋ
ਪਿੱਠ ਨਜ਼ਰ ਆਵੇ
ਉਸ ਡਰਨੇ ਦੀ

ਥੋੜ੍ਹ-ਚਿਰਾ ਸੁਹੱਪਣ

ਪੋਸਤ ਵਾਲੇ ਫੁੱਲ ਖਿੜਨ
ਤੇ ਉਸੇ ਦਿਨ
ਹਵਾ 'ਚ ਖਿੰਡ-ਪੁੰਡ ਜਾਣ

ਨਿੱਕੇ ਹੱਥ

ਕੋਲੇ ਦੀਆਂ ਸਿਲਾਂ ਚੀਰਦੀ
ਹੱਥ ਮੇਰੀ ਛੋਟੀ ਭੈਣ ਦੀ
ਸਾਰੇ ਕਾਲੇ ਹੋ ਗਏ

ਵਧ ਰਹੀ ਉਮਰ

ਸੁਸਤ ਹੁੰਦਾ ਜਾਂ ਰਿਹਾਂ
ਮੈਂ ਜੁਰਾਬਾਂ ਉਤਾਰਾਂ
ਹੁਣ ਬਿਸਤਰੇ 'ਚ ਵੜ ਕੇ

ਓਜ਼ਾਕੀ ਹੋਸਾਈ(1885–1926)

ਮੌਤ ਲਈ ਹਾਇਕੂ

ਪਹਾੜਾਂ ਤੇ ਉਤਰੀ ਬਸੰਤ
ਉਨ੍ਹਾਂ ਦੇ ਪਿੱਛੇ
ਉੱਠ ਰਿਹਾ ਧੂੰਏਂ ਦਾ ਗੁਬਾਰ

ਜਿੱਦੀ ਕਿੱਲਾਂ

ਕਿੱਲਾਂ
ਕਿੱਲਾਂ ਵੱਲੇ ਡੱਬੇ ਵਿੱਚ
ਸਾਰੀਆਂ ਹੀ ਟੇਢੀਆਂ

ਲੰਗੜੀ ਚਿੜੀ

ਸ਼ਾਮ
ਇਕ ਟੰਗ ਵਾਲੀ ਚਿੜੀ
ਲੰਗੜਾਅ ਕੇ ਤੁਰੀ ਫਿਰੇ

ਇਕੱਲਤਾ

ਬੇਹੱਦ ਇਕੱਲਾ ਮੈਂ
ਕਿਸੇ ਨੂੰ ਦੇਖਣ ਦੀ ਤਾਂਘ 'ਚ
ਆਪਣੇ ਹੀ ਪਰਛਾਵੇਂ ਨੂੰ ਹਿਲਾਂਦਾ ਹਾਂ

ਇਕੱਲਤਾ

ਬੇਹੱਦ ਇਕੱਲਾ ਮੈਂ
ਕਿਸੇ ਨੂੰ ਦੇਖਣ ਦੀ ਤਾਂਘ 'ਚ
ਫੈਲਾਵਾਂ ਆਪਣੀਆਂ ਹੀ ਉਂਗਲਾਂ

ਸਾਗਰ ਦੇਖ ਕੇ

ਸਾਗਰ ਦਾ ਕਿਨਾਰਾ
ਅਚਾਨਕ ਮੇਰੇ ਸਾਹਮਣੇ
ਜਿਵੇਂ ਕੋਈ ਖਾਸ ਆ ਗਿਆ

ਹਾਰੀ ਕਿੱਲ

ਮੋਟੇ ਖੂੰਡੇ 'ਚ ਠੋਕੀ
ਇਕ ਮੇਖ
ਝੁਕਾ ਲਵੇ ਆਪਣਾ ਸਿਰ

ਕਬਰਾਂ ਹੇਠ

ਸਮਾਰਕ ਕਿਸੇ ਮੋਏ ਦਾ
ਲੱਗੀ ਬੇਹੱਦ ਭਾਰੀ
ਕੋਈ ਉਸ ਦੇ ਹੇਠਾਂ ਪਿਆ

ਚਿਹਰੇ

ਯਾਦ ਆਈ ਮੈਨੂੰ
ਕਿਸੇ ਘਿਰਣਾਯੋਗ ਚਿਹਰੇ ਦੀ
ਗੀਟੇ ਨੂੰ ਠੁੱਡ ਮਾਰਦਾ ਹਾਂ ਮੈਂ

ਤਸਵੀਰਾਂ

ਕੰਧ ਤੇ ਲੱਗੀ
ਔਰਤ ਦੀ ਤਸਵੀਰ
ਹਾਲੇ ਵੀ ਰੋ ਰਹੀ

ਕੁੜੀ ਅਤੇ ਪਰਛਾਵੇਂ

ਜਿੰਨੀ ਵਾਰ ਪਾਣੀ ਭਰਨ ਆਵੇ
ਵਿਆਕੁਲ ਕਰ ਦੇਵੇ ਉਹ
ਬੈਂਤ ਦੇ ਪਰਛਾਵੇਂ ਨੂੰ

ਪਾਣੀਆਂ 'ਚ

ਕਿਸ਼ਤੀਆਂ ਵਹਿ ਰਹੀਆਂ
ਰਾਤ ਨੂੰ ਪਾਣੀਆਂ 'ਚ
ਆਪੋ ਆਪਣੀ ਰੌਸ਼ਨੀ ਨਾਲ

ਬੇਖ਼ਬਰ ਫੁੱਲ

ਬੁੱਧ ਦੇ ਬੁੱਤ ਲਈ
ਤੋੜੇ ਗਏ ਫੁੱਲ

ਹਾਲੇ ਵੀ ਖਿੜ ਰਹੇ

ਕਲਸ ਦੇ ਝੜਦੇ ਪੱਤੇ

ਪਹਾੜੀ ਰਾਤ ਤੇ ਉਤਰਾਂ ਹੇਠ ਵੱਲ
ਨਾਲੇ ਦੇਖ ਰਿਹਾ ਮੰਦਰਾਂ ਦੇ ਕਸਲ
ਝੜਦੇ ਪੱਤਿਆਂ ਦੇ ਵਿਚਕਾਰ

ਜਨਾਜ਼ੇ ਵਿੱਚ

ਜਨਾਜ਼ੇ ਵਿੱਚ
ਕਾਹਲੀਆਂ ਲੱਤਾਂ ਨੂੰ
ਚੰਬੜ ਰਹੇ ਨੇ ਸ਼ਾਮ ਦੇ ਰੰਗ

ਬੇਹਾਦਸਾ ਦੁਪਹਿਰ

ਵਾੜ ਦੇ ਅੰਦਰ ਵੱਲ ਝਾਕਦਾ
ਲੰਘਦਾ ਜਾਂਦਾ ਇਕ ਕੁੱਤਾ
ਹਾਦਸਾ ਰਹਿਤ ਦੁਪਹਿਰ ਅੰਦਰ

ਪਹਿਚਾਣ

ਗਾਂ ਦੀਆਂ ਅੱਖਾਂ
ਜਾਣੀਆਂ ਪਹਿਚਾਣੀਆਂ ਲਗਣ
ਸ਼ਾਮ ਨੂੰ ਨਦੀ ਕੋਲੋਂ ਲੰਘਦੇ ਸਮੇਂ

ਪਰਤਕੇ ਦੇਖਣਾ

ਪਰਤਕੇ ਦੇਖਦਾ ਹਾਂ
ਮੈਂ ਸਾਹਿਬ ਵੱਲ
ਕੋਈ ਪੈੜ ਨਜ਼ਰ ਨਾ ਆਵੇ

ਪੱਤਾ ਅਤੇ ਜੰਗਲ

ਅਹਿਲ ਜੰਗਲ ਵਿੱਚ
ਭੈਅ ਭਤਿ
ਇਕ ਇਕੱਲਾ ਪੱਤਾ

ਹਨੇਰੇ ਦਾ ਅਕਸ

ਖੂਹ ਦੇ ਹਨੇਰੇ 'ਚ
ਮੈਂ ਦੇਖਾਂ
ਆਪਣਾ ਡੋਲਦਾ ਚਿਹਰਾ

ਵਿਸ਼ਾਲ ਲਹਿਰਾਂ

ਰੇਤੀਲੇ ਕਿਨਾਰੇ ਤੇ
ਜਿਥੇ ਲਹਿਰਾਂ ਵਿਸ਼ਾਲ ਆਣ ਜਾਣ
ਮੈਂ ਸੁੱਟ ਦਿੰਦਾ ਹਾਂ ਆਪਣੀ ਇਕੱਲਤਾ ਨੂੰ

ਸਵੇਰ ਦੀ ਮਹਿਮਾ

ਮੈਂ ਆਵਾਂ ਜਾਵਾਂ
ਲੱਕੜ ਦੇ ਗੇਟ 'ਚੋ
ਸਵੇਰ ਦੀ ਮਹਿਮਾ ਪੁੰਗਰ ਰਹੀ ਬੀਜਾਂ 'ਚੋਂ

ਤੂਫਾਨ ਵਿੱਚ ਅੱਖਾਂ

ਤੂਫਾਨ ਦੇ ਹਨੇਰੇ 'ਚ
ਤੱਕਣ ਸਮੇਂ
ਬਲ ਉੱਠੀਆਂ ਮੇਰੀਆਂ ਅੱਖਾਂ

ਸਾਰੇ ਤੱਕਣ

ਕਈ ਦਿਨਾਂ ਤੋਂ ਪੈ ਰਿਹਾ
ਮੀਂਹ ਬੇਰੋਕ
ਤੱਕਣ ਚਿੜੀਆਂ ਨਾਲੇ ਤੱਕਾਂ ਮੈਂ

ਵਿਹਲ

ਧੱਫੇ ਮਾਰਾਂ ਦਿਲ ਵੇਲੇ
ਮੱਛਰਾਂ ਨੂੰ
ਨਾਲੇ ਪੜ੍ਹਾਂ ਪੁਰਾਣੇ ਅਖਬਾਰ

ਪੱਤਾ ਤੇ ਪਾਣੀ

ਸਰਦ ਕੰਬਦਾ ਸੁੱਕਾ ਪੱਤਾ
ਰੁਕ ਗਿਆ ਚਿਣ ਭਰ ਲਈ
ਵਗਦੇ ਪਾਣੀ ਕੋਲ

ਸੁਪਨਾ ਅਤੇ ਘਾਹ

ਭੁਲਾ ਕੇ ਸਵੇਰ ਵਾਲਾ
ਸੁਪਨਾ
ਮੈਂ ਖੋਦ ਰਿਹਾ ਹਾਂ ਘਾਹ

ਪੰਛੀਆਂ ਵਰਗੇ ਬੱਚੇ

ਜੱਤੀਆਂ ਪਹਿਨਾ ਕੇ ਬੱਚੇ
ਛੱਡ ਦਿੰਦਾ ਹਾਂ ਮੈਂ
ਪੱਤਝੜ ਵਾਲੇ ਅਸਮਾਨ ਵੱਲ

ਪੰਛੀਆਂ ਵਰਗਾ ਦਿਲ

ਤਾਂਘ 'ਚ ਡੁੱਬੇ ਰਹਿਣ ਵਾਲੇ
ਦਿਲ ਨੂੰ ਮੈਂ
ਛੱਡ ਦਿੰਦਾ ਹਾਂ ਸਾਗਰ ਵੱਲ

ਬੁੱਧ ਦਾ ਰੂਪ

ਬੁੱਧ ਦੇ ਰੂਪ
ਵਿਚ ਤਰਾਸ਼ਿਆ
ਬੈਠਾ ਹੈ ਇਕ ਪੱਥਰ

ਬੁੱਧ ਤੋਂ ਛੁੱਟੀ ਲੈ ਕੇ

ਕੁਝ ਦੇਰ ਛੁੱਟੀ ਲੈ ਕੇ
ਬੁੱਧ ਤੋਂ
ਮੈਂ ਧੋ ਰਿਹਾ ਹਾਂ ਕਪੜੇ

ਧਿਆਨੀ ਦੀ ਧਿਆਨੀ

ਸੋਚਾਂ ਵਿਚ ਡੁੱਬਿਆ
ਮੈਂ ਪਾਰ ਲੰਘ ਆਇਆ
ਪੂਰੇ ਦਾ ਪੂਰਾ ਪੁਲ

ਕਿਤੇ ਨਾ ਆਵੇ ਜਾਵੇ

ਸਰਦ ਰੁੱਤ 'ਚ
ਪਾਰਕ ਵਿਚਲਾ ਰਸਤਾ
ਕਿਤੇ ਨਾ ਜਾਵੇ ਬਸ ਹੋਵੇ ਥੀਵੇ

ਗੁੱਸਾ

ਧੁੰਨ ਨਾਲ ਭਰੀ ਸਵੇਰ
ਮੈਂ ਗੁੱਸੇ ਹੋਵਾਂ
ਇਸ ਕੁੱਤੇ ਨੂੰ

ਗੱਡੀ ਅਤੇ ਅੱਗ

ਇਕ ਗੱਡੀ
ਹੋਰ ਵੀ ਤੇਜ਼ ਕਰ ਗਈ
ਝਾੜੀਆਂ 'ਚ ਲੱਗੀ ਅੱਗ ਨੂੰ

ਨਾਲੋ ਨਾਲ

ਵਹਿਣ ਦੇ ਨਾਲੋ-ਨਾਲ
ਮੈਂ ਤੁਰਦਾ ਜਾਵਾਂ
ਮੈਂ ਰੁਕਦਾ ਜਾਵਾਂ

ਮੈਂ ਪਿਆਰ ਕਰਾਂ

ਮੈਂ ਪਿਆਰ ਕਰਾਂ
ਚਾਲੀ ਸਾਲ ਦੀ ਉਮਰ 'ਚ
ਜੰਗਲੀ ਘਾਹ ਨੂੰ

ਇਸ਼ਤਿਹਾਰ ਵਾਲੀ ਬਹਾਰ

'ਬਹਾਰ ਆ ਗਈ'
ਕਹੇ ਵੱਡੇ ਅਖ਼ਬਾਰ ਦਾ
ਇਕ ਇਸ਼ਤਿਹਾਰ

ਅਮੁੱਕ ਕੀੜੀਆਂ

ਅਮੁੱਕ ਰਹੀਆਂ ਮੋਰੀ 'ਚੋਂ
ਬੇਅਵਾਜ਼

ਅਜਨਬੀ ਤੇ ਸਾਗਤ

ਪਤਾ ਨਹੀਂ ਕਦੋਂ ਮੇਰੇ ਪਿੱਛੇ
ਲੱਗ ਤੁਰੇ ਕੁੱਤੇ ਨਾਲ
ਮੈਂ ਆ ਪਹੁੰਚਾ ਸਾਗਰ ਕਿਨਾਰੇ

ਸਾਡੀਆਂ ਗੱਲਾਂ

ਸਾਗਰੀ ਹਵਾਵਾਂ
ਤੀਲ੍ਹੀਆਂ ਬਾਲ ਬਾਲ
ਅਸੀਂ ਕਰੀਏ ਗੱਲਾਂ

ਹੋਰ ਹਾਇਕੂ ਕਵੀ

ਮਰਨ ਸਿੱਖਣ ਲਈ

ਮਰਨਾ ਸਿੱਖਣ ਦੇ ਫੁੱਲ ਦੇਖ
ਸਾਕੁਰਾ ਦੇ ਫੁੱਲ ਦੇਖ
ਗੁਲਦਾਉਦੀ ਦੇ ਫੁੱਲ ਦੇਖ

ਬੇਨਾਮ

ਆਪਣੇ ਆਪ 'ਚ

ਆਪਣੇ ਹੀ ਆਪ ਕਰਕੇ
ਸੋਹਣਾ ਉਹ ਖਰਬੂਜ਼ਾ
ਆਪਣੇ ਆਪ 'ਚ ਹੈ ਕਾਫ਼ੀ

ਰਾਨਸੇਤਸੂ

ਮੌਤ ਤੇ ਚਾਨਣੀ

ਅੰਤਮ ਸੰਸਕਾਰ ਤੋਂ ਮੁੜਨ ਸਮੇਂ
ਅਚਾਨਕ ਨਜ਼ਰ ਆਇਆ ਚੰਨ
ਪੱਤਣ ਦੇ ਉਪਰ

ਕਯੋਰਾਈ

ਲੋਕ ਗੀਤ

ਧਾਨ ਲਾਂਦੀਆਂ ਔਰਤਾਂ ਲਈ
ਕੁਝ ਵੀ ਣਵਾਹਿਆ ਨਹੀਂ ਬਚਿਆ
ਉਨ੍ਹਾਂ ਦੇ ਗੀਤਾਂ ਤੋਂ ਬਗ਼ੈਰ

ਰਾਈਜ਼ਾਨ

ਸੱਚੇ ਬੋਲ

ਸੱਚੀ ਸੁਹਿਰਦਤਾ
ਬੋਲਦੇ ਫੁੱਲ ਚੁੱਪਚਾਪ
ਅੰਦਰਲੇ ਕੰਨਾਂ ਲਈ

ਓਨੀਤਸੂਰਾ

ਝੜਦੇ ਪੱਤਿਆਂ ਦਾ ਰਹੱਸ

ਦੈਵੀ ਰਹੱਸ ਹੈ
ਝੜਦੇ ਪੱਤਿਆਂ ਵਿੱਚ
ਗਿਰਨ ਪੱਥਰ ਦੇ ਬੁੱਧ ਤੇ

ਸੋਗੇਤਸੁਨੀ

ਵਾਛੜ ਤੋਂ ਬਚਦਿਆਂ

ਜੀਵਨ ਇਸ ਸੰਸਾਰ 'ਚ ਛੋਟਾ
ਜਿਵੇਂ ਵਕਤ ਬੀਤ ਜਾਵੇ ਓਹਲੇ ਹੇਠ
ਸਰਦ ਮੀਂਹ ਦੀ ਵਾਛੜ ਤੋਂ ਬਚਦਿਆਂ

ਸੋਗੀ

ਗਰੀਬ ਦਾ ਘਰ

ਗਰੀਬ ਬੰਦੇ ਦੇ ਘਰ 'ਚ
ਫਰਸ਼ ਉਪਰੋਂ ਲੰਘ ਗਈ
ਸਰਦ ਪੱਤਝੜ ਦੀ ਹਵਾ

ਤੇਈਗਾ

ਇਕ ਬਹਿਸ

ਜਦੋਂ ਚਹਿਚਹਾਵੇ ਜੰਗਲੀ ਚਿੜੀ
ਇਕ ਬੁੱਢਾ ਡੱਡੂ ਬੁੜ-ਬੁੜਾਂਦਾ ਹੈ
ਉਸ ਦੇ ਜੁਆਬ ਵਿੱਚ

ਸ਼ੋਹਾ

ਰੁੱਝੇ ਲੱਗਣ ਸਾਰੇ

ਖੁੱਲ੍ਹੇ ਸਾਗਰ ਵਿੱਚ ਰੁੱਝੇ ਲੱਗਣ
ਪਾਲੇ ਦੀ ਵਰਖਾ ਹੇਠ
ਖੁੱਲ੍ਹੇ ਬਾਦਬਾਨ, ਵਲੇਟੇ ਬਾਦਬਾਨ

ਕਯੋਰਾਈ

ਮਿਹਨਤਕਸ਼

ਬੜੇ ਧੀਰਜ ਨਾਲ
ਚੁੱਪਚਾਪ ਜੁਤੀ ਬਣਾ ਰਿਹਾ
ਉਹ ਚਾਨਣੀ ਰਾਤ ਅੰਦਰ

ਬੋਨਚੋ

ਪਿਆਰ ਵਾਲੇ ਰੰਗ

ਅੱਡੋ ਅੱਡ ਰੰਗ
ਸਾਰਿਆ ਦੇ
ਪਿਆਰ ਕਰਨ ਵਾਲੇ

ਬੋਨਚੋ

ਸਵੈ ਨਿਰਭਰ ਜੀਵ

ਸਾਰਿਆ ਵਾਂਗ
ਉਹ ਵੀ ਸਵੈ ਨਿਰਭਰ
ਪਾਲੇ 'ਚ ਧਮੂੜੀ

ਤਾਨਕੋ

ਕੋਸ਼ਿਸ਼ ਵਿੱਚ

ਮਰਨ ਤਕ ਨੇਕੀ
ਕਾਇਮ ਰੱਖਣ ਦੀ ਕੋਸ਼ਿਸ਼ 'ਚ
ਸ਼ਿਕਰੇ ਦਾ ਚਿਹਰਾ

ਤਾਨਕੋ

ਮਨ ਸਹਿਜ

ਝੜਨ ਸਮੇਂ ਵੀ
ਮਨ ਸਹਿਜ
ਪੱਸਤ ਦੇ ਫੁੱਲ

ਏਤਸੁਜਿਨ

ਖੁਸ਼ੀ ਖੇੜੇ

ਮਛੇਰੇ ਦੀ ਪਤਨੀ
ਗਾ ਰਹੀ
ਰੇਸ਼ਮੀ ਫੁੱਲਾਂ ਦਾ ਗੀਤ

ਸੋਂਨਾ

ਬੱਚੇ ਨੂੰ ਤਾਂਘ

ਬੱਚੇ ਨੂੰ ਤਾਂਘ
ਉੱਡਦਾ ਪੰਛੀ ਆਵੇ ਹੇਠਾਂ ਵੱਲ
ਪਰ ਅਸਮਾਨੀ ਪੰਛੀ ਜਾਵੇ ਉਪਰ ਵੱਲ

ਸਾਮਪੂ

ਕਵੀ ਅਤੇ ਪੱਤਝੜ

ਪੱਤਝੜ ਦੀ ਹਵਾ ਵਗੇ
ਤਾਂ ਮੈਨੂੰ ਹਰ ਪਾਸੇ ਨਜ਼ਰ ਆਵੇ
ਹਾਇਕੂ ਵਾਲੀ ਕਵਿਤਾ

ਕਯੋਸ਼ੀ

ਆਪਣੇ ਰਾਹਾਂ ਤੇ

ਹਰੇਕ ਦਿਨ ਨੂੰ ਚਿਰ ਕੇ
ਖੁਸ਼ਕ ਨਾਲੇ ਵਹਿ ਰਹੇ
ਆਪਣੇ ਰਾਹਾਂ ਤੇ

ਬਸੰਤ 'ਚ ਬਗਲਾ

ਬਸੰਤ ਦੀ ਪੌਣ
ਕਿੰਨਾ ਸਫੇਦ ਜਾਪੇ ਬਗਲਾ
ਚੀਲ ਦੇ ਰੁੱਖਾਂ ਵਿੱਚੋਂ ਉਡਿਆ ਜਾਂਦਾ

ਰਾਈਜ਼ਾਨ

ਇਕੱਲ ਅਤੇ ਸੁਪਨਾ

ਕਿੰਨਾ ਸੁਹਣਾ ਨੱਚ ਰਿਹਾ ਸੀ
ਮੈਂ ਆਪਣੇ ਸੁਪਨੇ ਵਿੱਚ
ਸਰਦੀਆਂ ਦੀ ਇਕੱਲਤਾ !

ਮਤਾਸੂਮੋਤੋ ਤਾਕਾਸ਼ੀ

ਬਚਪਨ

ਬੰਬਾਰੀ ਤੋਂ ਬਾਦ ਖੰਡਰ ਹੋਈ
ਖੁਸ਼ਕ ਰੁੱਖੀ ਧਰਤ ਤੇ
ਖੁਲ੍ਹਣ ਬੱਚੀਆਂ ਗੇਂਦ ਨਾਲ

ਨਾਕਾਮੁਰਾ ਕੁਸਾਤਾਓ

ਮਿੱਤਰ ਪਰਤੇ

ਗਿਰਦੇ ਪੱਤਿਆ ਤੇ
ਪੈਰਾਂ ਦੀ ਅਵਾਜ਼
ਜਿਵੇਂ ਮੇਰਾ ਮੋਇਆ ਮਿੱਤਰ ਪਰਤ ਰਿਹਾ

ਕਿਨੀਚੀ ਸਾਵਾਕੀ

ਮੀਲ-ਪੱਥਰ

ਪਾਲੇ ਦਾ ਮੌਸਮ
ਕਬਰ ਤੇ ਲੱਗਿਆ ਪੱਥਰ
ਭੁਲੇਖਾ ਪਾਵੇ ਕਿਸੇ ਮੀਲ ਪੱਥਰ ਦਾ

ਨਾਕਾਮੁਰਾ ਕੁਸਾਤਾਓ

ਬੇਰੋਕ ਹੁੰਝ

''ਗਰਮੀਆਂ ਦਾ ਸੱਖਣਾਪਣ''

ਮੈਂ ਉਸ ਨੂੰ ਕਿਹਾ ਤੇ ਇਕ ਬੇਰੋਕ ਹੂੰਝ
ਮੇਰੀ ਅੱਖ 'ਚੋਂ ਟਪਕ ਪਿਆ

ਕਿਗਿਨ

ਇਕ ਦੂਜੇ ਮਗਰ

ਸਰਸਰ ਦੀ ਅਵਾਜ਼ ਕਰਦੇ
ਝੜੇ ਪੱਤੇ ਦੌੜਨ ਇਕ-ਦੂਜੇ ਮਗਰ
ਖੁੱਲ੍ਹੇ ਮੈਦਾਨ ਵਿੱਚ

ਤਾਤਸੂਕੋ

ਸਫਰ ਅਤੇ ਸੁਪਨਾ

ਮੈਨੂੰ ਲੱਗਿਆ ਸਫਰ ਤੇ
ਦੂਰ ਚਲੇ ਗਿਓ ਸੀ ਮੈਂ
ਦੁਪਹਿਰ ਦੀ ਨੀਂਦ ਤੋਂ ਜਗਾਇਆ

ਮੋਰੀ ਸੁਮੀਓ

ਜਿਉਣ ਦੀ ਤਾਂਘ

ਧਰਤੀ ਨੂੰ ਪਾੜ ਕੇ
ਬਾਂਸ ਵਧ ਰਿਹਾ
ਹਵਾ ਦੀ ਸਰਸਰ ਸੁਣਨ ਲਈ

ਮੀਯਾਊਚੀ ਸ਼ੁਨਤੋ

ਸੰਵੇਦਨਾ

ਖੇਤ ਦੀਆਂ ਸਾਰੀਆਂ
ਤਿਤਲੀਆਂ ਨੂੰ ਲੁਕਾ ਲਿਆ
ਮੈਂ ਆਪਣੀ ਛਾਤੀ ਅੰਦਰ

ਕੀਯੋਕੋ ਊਦਾ

ਅਸਮਾਨ ਦਾ ਕੋਕਾ

ਕੈਦ ਕੋਠੜੀ ਵਿੱਚ ਮੈਂ
ਸੌਂ ਰਿਹਾ ਇਕ ਸੇਬ ਨਾਲ
ਆਪਣੀ ਕੈਦ ਦੀ ਵਰ੍ਹੇ ਗੰਢ ਤੇ

ਆਕੀਮੋਤੋ ਡੂਜੀਓ

ਅਸਮਾਨ ਦਾ ਕੋਕਾ

ਘਰ ਵਾਪਸੀ ਤੇ ਦੇਖਾਂ
ਚਮਕਣ ਤਾਰੇ ਤਿੰਨ

ਜਿਉਂ ਅਸਮਾਨ ਦਾ ਕੋਕਾ
ਕੋਜੀ ਫੁਕੁਨਾਗਾ

ਸਾਗਰ ਦਾ ਰਹੱਸ

ਤਾਰਿਆ ਭਰੇ ਅਸਮਾਨ ਵਿੱਚ
ਰੂਹ ਨੇ ਉਡਾਰੀ ਭਰੀ
ਸਮੁੰਦਰੀ ਘਾਹ ਸੋਗ ਮਨਾ ਰਿਹਾ
ਈਦਾ ਰਯੂਤਾ

ਅੱਧੀ ਰਾਤ ਦੀ ਉਦਾਸੀ

ਬਸੰਤ 'ਚ ਬਿਜਲੀ ਅਸਮਾਨੀ
ਅੱਧੀ ਰਾਤ ਦਾ ਗਹਿਰਾਪਣ
ਭਾਰੀ ਲੱਗੇ ਮੈਨੂੰ ਆਪਣੀ ਛਾਤੀ ਤੇ
ਆਯਾਕੋ ਹੋਸੋਮੀ

ਬੱਚਾ ਮੁੜਕੇ ਦੇਖੇ

ਜਿਧਰ ਐਟਮ ਬੰਬ ਫਟਿਆ
ਇਕ ਬੱਚਾ ਮੁੜਕੇ ਦੇਖੇ
ਰੌਸ਼ਨੀ ਦੀ ਝਿਲਮਿਲ ਵੱਲ
ਇਸ਼ੀਹਾਰਾ ਯਾਤਸੂਕਾ

ਪਰਛਾਵੇਂ

ਬਰਫ ਪਈ ਧਰਤ ਤੇ
ਇਕ ਇੱਲ ਝਪਟ ਪਈ
ਆਪਣੇ ਹੀ ਪਰਛਾਵੇਂ ਤੇ
ਯਾਮਾਗੁਚੀ ਸੋਦੋ

ਸ਼ਿਕਰਾ ਪਿੰਜਰੇ ਵਾਲਾ

ਇਕੱਲਤਾ ਮਹਿਸੂਸ ਕਰੇ ਤਾਂ
ਆਪਣੇ ਪਰਾਂ ਨੂੰ ਫੜਫੜਾਏ
ਇਕ ਸ਼ਿਕਰਾ ਪਿੰਜਰੇ ਵਾਲਾ
ਈਸ਼ੀਦਾ ਹਾਕਯੋ

ਝੜਨਾ ਗੁਲਾਬਾਂ ਦਾ

ਗੁਲਾਬ ਝੜ ਰਹੇ
ਜਿਵੇਂ ਵਾਪਰਨ ਵਾਲਾ ਹੈ
ਕੋਈ ਭਿਆਨਕ ਹਾਸਦਾ

ਹਾਸ਼ੀਮੋਤੋ ਤਾਕਾਕੋ

ਬਿਮਾਰੀ ਸਮੇਂ

ਬਾਹਰ ਫੁੱਲ ਖਿੜ ਰਹੇ
ਪਰ ਮੈਂ ਬੇਬੱਸ
ਪਿਆ ਮੁੜ ਬਿਮਾਰ

ਮਾਤਸੁਮੋਤੋ ਤਾਕਾਸ਼ੀ

ਰੋਗੀ ਅਤੇ ਆਤਸ਼ਬਾਜ਼ੀ

ਸਾਰੇ ਰੋਗੀ ਅੱਗੇ ਕਰ ਰਹੇ
ਆਪਣੇ ਚਿੱਟੇ ਹੱਥ
ਪੱਤਝੜ ਦੀ ਆਤਸ਼ਬਾਜ਼ੀ

ਈਸ਼ੀਦਾ ਹਾਕਯੋ

ਭਲਾ ਕਿਸ ਨੇ...

ਭਲਾ ਕਿਸ ਨੇ ਲਾਏ ਹੋਣਗੇ
ਵੱਸਵਾ ਦੀ ਕਬਰ 'ਤੇ
ਇਹ ਹਲਕੇ ਪੀਲੇ ਫੁੱਲ

ਤਸੂਗਵਾ ਕਾਗਾਕੋ

ਯਾਰੀ ਦਾ ਨਿੱਘ

ਮੇਰਾ ਮੋਇਆ ਯਾਰ ਜਿਵੇਂ
ਛੁਹ ਰਿਹਾ ਮੇਰਾ ਮੋਢਾ
ਪੱਤਝੜ ਦੇ ਸੂਰਜ ਦਾ ਨਿੱਘ

ਨਾਕਾਮੁਰਾ ਕੁਸਾਤਾਓ

ਸੋਹਣੇ ਮੁੰਡੇ

ਬਸੰਤ ਵਾਲੀ ਹਲਕੀ ਬਰਫ਼
ਸੋਹਣੇ ਮੁੰਡੇ ਜ਼ਿੰਦਗੀ 'ਚ
ਸੌਖੇ ਆਣ ਸੌਖੇ ਜਾਣ

ਨਾਗਾਤਾ ਕੋਈ

ਬਿਰਖ 'ਤੇ

ਇਕ ਪਤਲਾ ਚੰਨ ਲਮਕੇ
ਚੀਲ ਦੇ ਪੁਰਾਣੇ ਬਿਰਖ਼ 'ਤੇ
ਝੀਲ ਕੰਢੇ ਬਣੇ ਘਰ ਕੋਲ

ਉਰਾਈ ਫੂਮੀਏ

ਮਈ ਦਿਵਸ

ਪਿੱਛੇ ਰਹਿ ਗਈ ਉਹ
ਮਈ ਦਿਵਸ ਵਾਲੀ ਪਰੇਡ 'ਚ
ਸੁੱਤੇ ਬੱਚੇ ਨੂੰ ਚੁੱਕੀ ਜਾ ਰਹੀ

ਸ਼ਾਂਥੋ ਕੀਥੋ

ਬੰਬਾਰੀ ਦੌਰਾਨ

ਡੱਡੂ ਦੀਅਵਾਜ਼ ਸੁਣਾਈ ਦੇਵੇ
ਮੌਤ ਦੀ ਸਵਾਹ ਝੜ ਰਹੀ
ਗਈ ਰਾਤ ਇਸ ਧਰਤੀ 'ਤੇ

ਇਸ਼ੀਹਾਰਾ ਯਾਤਸੂਕਾ

ਹਾਵੇ ਵੀ

ਸੱਪ ਅਲੋਪ ਹੋ ਗਿਆ
ਪਰ ਅੱਖਾਂ ਦਾ ਲਿਸ਼ਕਾਰਾ
ਹਾਲੇ ਵੀ ਘਾਹ 'ਚ ਚਮਕ ਰਿਹਾ

ਤਾਕਾਹਾਮਾ ਕਯੋਸ਼ੀ

ਮੋਇਆ ਬਾਲ

ਇਕ ਬੱਚਾ ਸੁਪਨੇ 'ਚ
ਧੁਪੀਲਾ ਤੇ ਸਦਾ ਮੁਸਕਰਾਂਦਾ
ਰੁਵਾ ਦੇਵੇ ਆਪਣੀ ਮਾਂ ਨੂੰ

ਡੂਕੂਦਾ ਜੀਨਤੋ

ਗੁਲਾਬਾਂ ਦੇ ਸਾਹ

ਗੁਲਾਬਾਂ ਦੇ ਸਾਹ
ਸੁਣਾਂ ਜਿਵੇਂ ਗਰਭ 'ਚੋਂ
ਬੱਚੇ ਦੀ ਦਸਤਕ ਨੂੰ

ਨੀਸ਼ੀਜੀਮਾ ਬਾਕੂਨਾਨ

ਮਾਂ ਦੇ ਮਰਨ ਪਿੱਛੋਂ

ਮਾਂ ਦੇ ਮਰਨ ਪਿੱਛੋਂ
ਬੀਹੀ ਸਾਰੀ ਭਰ ਗਈ
ਗਰਮੀਆਂ ਦੇ ਘਾਹ ਨਾ

ਏਨੇਮੋਤੋ ਫੁਯੂਇੱਚੀਰੋ

ਇਕ ਦਿਨ

ਗਰਜਣ ਲਹਿਰਾਂ ਸਾਗਰ ਦੀਆਂ
ਇਕ ਦਿਨਵਹਾ ਕੇ ਲੈ ਜਾਣਗੀਆਂ
ਮੇਰੀਆਂ ਹੱਡੀਆਂ ਨੂੰ
ਕਾਤਸੁਰਾ ਨੋਬੁਕੋ

ਜੰਗ-ਬੰਦੀ ਦਾ ਸਕੁਨ

ਇਕ ਲਾਲ ਪਤੰਗਾ ਬਾਹਰ ਆ ਗਿਆ
ਦਿਨ ਦੇ ਪੂਰੇ ਚਾਨਣ 'ਚ
ਜੰਗ-ਬੰਦੀ ਦੀ ਸਾਲ-ਗਿਰ੍ਹਾ 'ਤੇ
ਫੁਤੀਜਾ ਸ਼ੋਸ਼ੀ

ਨਵੇਂ ਸਾਲ ਦਾ ਰਹੱਸ

ਨਵਾਂ ਕਲੰਡਰ
ਅਣਜਾਣ ਦਿਨ ਹਫ਼ਤੇ ਤੇ ਮਹੀਨੇ
ਲਗ ਰਹੇ ਕਿੰਨੇ ਸੋਹਣੇ
ਯੋਸ਼ੀਯਾ ਨੋਬੁਕੋ

ਸਿਪਾਹੀ ਮਾਣੇ ਫੁੱਲ

ਹਨੇਰੇ ਵੱਲ ਪਿੱਠ ਕਰੀ
ਖੜ੍ਹਿਆ ਇਕ ਸਿਪਾਹੀ
ਸਾਕੁਰਾ ਦੇ ਫੁੱਲਾਂ ਨੂੰ ਮਾਣ ਰਿਹਾ
ਹੋਸ਼ੀਨੋ ਤਸੁਨੇਹੀਕੋ

ਉਹ ਥਾਂ

ਪਾਲੇ ਵਿਚ ਧਮੂੜੀ
ਮਰਨ ਲਈ ਕੋਈ ਥਾਂ ਲੱਭੇ
ਇਧਰ ਉਧਰ ਸਰਕਦੀ ਫਿਰੇ
ਮੁਰਾਕਾਮੀ ਕੀਜੋ

ਪਾਲੇ ਵਿਚ

ਪਾਲੇ ਵਿਚ ਇਕ ਮੱਖੀ ਭਟਕਦੀ
ਇਸ ਵੇਲੇ ਉਹ ਛੁਰੀ ਵੀ ਦੇਖ ਲਵੇ
ਤਾਂ ਜਾ ਬੈਠੇਗੀ ਉਸ ਦੀ ਧਾਰ 'ਤੇ
ਸਾਈਤੋ ਸਾਨਕੀ

ਮਰੀ ਧਮੂੜੀ ਦੇਖ ਕੇ

ਅਚਾਨਕ ਮੈਨੂੰ ਦਿਖਿਆ

ਮੇਰਾ ਆਪਣਾ ਮਿਰਾਤਕ ਸਰੀਰ
ਸਰਕ ਰਿਹਾ ਕੀੜੀਆਂ ਨਾਲ
ਨੋਮੀਯਾਮਾ ਆਸੁਕਾ

ਨਵੇਂ ਪੱਤੇ

ਨਵੇਂ ਪੱਤਿਆਂ 'ਚ ਹਇਆਲੀ ਬੇਸ਼ੁਮਾਰ
ਮੇਰੇ ਬੱਚੇ ਦੇ
ਪਹਿਲੇ ਦੰਦ ਨਿਕਲ ਰਹੇ
ਨਾਕਾਮੁਰਾ ਕੁਸਾਤਾਓ

ਨਵਾਂ ਕਲੰਡਰ ਅਤੇ ਵਕਤ

ਨਵਾਂ ਕਲੰਡਰ
ਦਿਨ-ਮਹੀਨੇ ਪੰਨੇ ਪਰਤ ਰਹੇ
ਕੀਤਾ ਵਕਤ ਨੇ ਵਹਿਣਾ ਸ਼ੁਰੂ
ਈਗਾਰਸ਼ੀ ਬਾਨਸੂਈ

ਟਿੱਡੇ ਨਾਲ ਇਕਸੁਰ

ਉਨ੍ਹਾਂ 'ਚੋਂ ਕੁਝ ਗਾ ਰਹੇ
ਆਪਣੇ ਮਨ ਡੰਘੇ ਦੀ ਪੀੜ
ਸਾਫ਼ ਧੁਨ 'ਚ ਅਲਾਪਣ ਟਿੱਡੇ ਸ਼ਾਮ ਨੂੰ
ਕਾਨੇਕੋ ਤੋਤਾ

ਪੀਂਘ ਦੇ ਹੁਲਾਰੇ

ਮੈਂ ਪੀਂਘ ਦੇ ਝੂਟੇ ਲਵਾਂ
ਇਕ ਝੂਟੇ ਨਾਲ ਪਾਪਾ ਨੇੜੇ
ਇਕ ਝੂਟੇ ਨਾਲ ਮੰਮੀ ਨੇੜੇ
ਹਾਸ਼ਮੀਮੋਤੋ ਤਾਕਾਕੋ

ਸੁਰਗ ਦਾ ਪ੍ਰਸਾਰ

ਦਸ ਖ਼ਰਬ ਮੀਲ ਤੋਂ
ਸੁਰਗ ਦਾ ਪ੍ਰਸਾਰ ਹੋ ਰਿਹਾ
ਸੰਝ ਦੀ ਲਾਲੀ ਨਾਲ
ਸੇਦੀਸ਼ੀ

ਆਲ੍ਹਣੇ

ਉਨ੍ਹਾਂ ਦੇ ਆਲ੍ਹਣੇ 'ਤੇ ਡਾਕਾਤ ਪਿਆ
ਮਾਪੇ ਚਿੜੀਆਂ ਉਡਦੀਆਂ ਫਿਰਨ

ਇਧਰ ਅਤੇ ਉਧਰ....

ਸੇਈਸ਼ੀ

ਉਹ ਕਦੀਮੀ ਬਾਤ

ਹਵਾ ਦੀ ਸ਼ਾਂ ਸ਼ਾਂ.....
ਮੁੜ ਮੁੜ ਸੁਣਾ ਰਹੀ
ਆਪਣੀ ਉਹੀ ਪੁਰਾਣੀ ਬਾਤ

ਸੇਈਸ਼ੀ

ਗੁਆਚੇ ਪਲ

ਸਮੁੰਦਰ ਵੱਲ ਵਹਿ ਗਈਆਂ
ਜੋ ਪਾਲੇ ਦੀਆਂਹਵਾਵਾਂ
ਪਰਤਣਗੀਆਂ ਕਿਹੜੇ ਘਰ

ਸੇਈਸ਼ੀ

ਮੱਖੀ ਅਤੇ ਪਰਬਤ

ਇਕ ਮੱਖੀ ਉਡੀ ਫਿਰੇ
ਦੂਰ ਵਾਲੇ ਪਹਾੜਾਂ ਦੇ ਰੰਗ ਚਮਕਣ
ਇਸ ਦੇ ਪਾਰਦਰਸ਼ੀ ਪਰਾਂ ਵਿਚ

ਸੇਈਸ਼ੀ

ਕੋਲ ਕੋਲ

ਬੁੱਧ ਦੇ ਬੁੱਤ ਦੇ ਕੋਲ ਹੀ ਕਿਤੇ
ਪਏ ਨੇ ਸੱਪਾਂ ਦੇ ਆਂਡੇ
ਹੌਲੀ ਹੌਲੀ ਪੱਕ ਰਹੇ

ਸੱਪਾਂ ਦੇ ਪਰਛਾਵੇਂ

ਜਦ ਉਸ ਆਪਣੀ ਸਿਰੀ ਚੁੱਕੀ
ਮਹਿਸੂਸ ਹੋਇਆ ਮੈਨੂੰ ਪਹਿਲੀ ਵਾਰ
ਕਿ ਸੱਪਾਂ ਦੇ ਵੀ ਹੁੰਦੇ ਨੇ ਪਰਛਾਵੇਂ

ਤਾਮਾਕੀ ਮਾਕੋਤੋ

ਇਕੱਲ 'ਚ

ਇਕੱਲੀ ਸੌਂ ਰਹੀ ਮੈਂ
ਸਾਂਝਾ ਕਰਾਂ ਹਨੇਰਾ
ਖੂੰਜੇ 'ਚ ਬੋਲਦੀ ਟਿੱਡੀ ਨਾਲ

ਨਾਤਸੁਰਾ ਨੋਬੁਕੋ

ਕੀੜੀਆਂ ਦੀ ਲਿਪੀ

ਕਾਲੀਆਂ ਕੀੜੀਆਂ ਦਾ ਝੁਰਮਟ
ਇਉਂ ਲਗ ਰਿਹਾ
ਜਿਵੇਂ ਪੁਰਾਣੇ ਯੂਨਾਨੀ ਅੱਖਰਾਂ ਵਾਲੀ ਬਾਈਬਲ

ਆਰੀਮਾ ਆਕੀਤੋ

ਕਬਰਾਂ ਕੋਲ ਗੀਤ

ਸਰਦੀ ਦੇ ਮੌਸਮ ਵਿੱਚ
ਮਜ਼ਦੂਰ ਕਬਰਾਂ ਖੋਦ ਰਿਹਾ
ਤੇ ਨਾਲੇ ਕੁਝ ਗਣਗੁਣਾ ਰਿਹਾ

ਆਰੀਮਾ ਆਕੀਤੋ

ਚਕਿਤ ਮਨ

ਟੁੱਟਦਾ ਤਾਰਾ
ਨਾਪ ਸਕਿਆ ਨਾ ਅਸਮਾਨ ਦੀ
ਪੂਰੀ ਲੰਬਾਈ ਨੂੰ

ਤਾਕਾਹਾ ਸ਼ੁਗਯੋ

ਪਰਲੇ ਸਿਰੇ ਤੇ

ਮੇਰੀ ਪਤਨੀ ਦੇ ਕੋਲ ਹੀ
ਅਕਾਸ਼ ਗੰਗਾ ਦਾ ਪਰਲੇ ਸਿਰੇ ਤੇ
ਸੁੱਤੇ ਪਏ ਨੇ ਸਾਡੇ ਮਾਂ ਤੇ ਬਾਪ

ਤਾਕਾਹਾ ਸ਼ੁਗਯੋ

ਪਿਛੇ ਰਹਿ ਗਏ

ਵਾਦੀ ਦੀ ਧਾਰਾ ਸੁੱਕ ਗਈ
ਪਿੱਛੇ ਛੱਡ ਗਈ ਪਾਣੀ ਦੇ ਸ਼ੀਸ਼ੇ
ਅਤੇ ਇਕ ਠੰਡਾ ਸਰੀਰ

ਹੀਬੀਨੋ ਸਾਤੋਏ

ਪਿਛੇ ਰਹਿ ਗਏ

ਜੀਵਨ ਦਾ ਅਖੀਰ
ਪਿਛੇ ਰਹਿ ਗਈ ਦਵਾਈਆਂ ਦੀ ਬੂ
ਅਤੇ ਇਕ ਠੰਡਾ ਸਰੀਰ

ਦਾਕੋਤਸੂ

ਚਾਨਣੀ ਹੇਠ

ਚੰਨ ਤੇ ਹਾਇਕੂ
ਸ਼ਬਦ ਲਿਖ ਰਿਹਾ ਮੈਂ
ਚੰਨ ਚਾਨਣੀ ਹੇਠ

ਆਜ਼ੂਮੀ ਆਤਸੂਸ਼ੀ

ਅਬੁੱਝ ਤੇਜ

ਪੀਲੇ ਫੁੱਲ ਖੜੇ ਰਹੇ
ਕਿਸੇ ਅਬੁੱਝ ਤੇਜ ਨਾਲ
ਭੂਚਾਲ ਤੋਂ ਬਾਦ

ਈਗਾਰਾਸ਼ੀ ਬਾਨਸੂਈ

ਭੂਚਾਲ

ਠੰਡੀ ਯਖ ਧਰਤੀ 'ਚ ਦਰਾੜ
ਫਟੇ ਪਾਲੇ ਦੇ ਅਸਮਾਨ
ਭੂਚਾਲ ਵਾਲੀ ਉਲਟਪੁਲਟ

ਗੋਤੋ ਹੀਨਾਓ

ਕੁਦਰਤ ਦੇ ਰੰਗ

ਕੀ ਤੇਰੇ ਜਿਸਮ ਤੇ ਵੀ
ਕਰਿਆ ਹੈ ਤਾਜ਼ਾ ਰੋਗਨ
ਹਰੇ ਡੱਡੂ!

ਆਕੁਤਾਗਾਵਾ ਰਯੂਨੋਸੂਕੇ

ਬੇਸੁਰ ਬੰਸਰੀ

ਰਾਤ ਦੇ ਚੰਨ
ਮੇਰਾ ਗੁਆਂਢੀ ਵਜਾਵੇ ਬਸੰਰੀ
ਬੇਸੁਰ ਬੇਤਾਲ

ਕੋ

ਸ਼ੀਸ਼ੇ ਵਿੱਚ

ਪੱਤਝੜ ਦੀ ਸਵੇਰ
ਸ਼ੀਸ਼ੇ 'ਚ ਮੈਂ ਦੇਖਾਂ
ਨਜ਼ਰ ਆਵੇ ਮੇਰੇ ਬਾਪ ਦਾ ਚਿਹਰਾ

ਮੁਰਾਕਾਮੀ ਕੀਜੋ

ਸ਼ਬਦ

ਇਕ ਸ਼ਬਦ ਉਸ ਨੇ ਕਿਹਾ
ਇਸ ਸ਼ਬਦ ਮੈਂ ਕਿਹਾ
ਪੱਤਝੜ ਹੋਰ ਗਹਿਰੀ ਹੋ ਰਹੀ
ਤਾਕਾਹਾਮਾ ਕਯੋਸ਼ੀ

ਵੈਰਾਗੀ

ਬਸੰਤ ਦੀ ਰੁੱਤ
ਮੇਰੀ ਦਸ ਫੁੱਟੀ ਕੁੱਲੀ ਵਿੱਚ
ਕੁਝ ਵੀ ਨਹੀਂ ਤੇ ਸਭ ਕੁਝ ਹੈ
ਸੋਦੋ

ਪੌਣਾਂ ਦੇ ਚਿਤਰ

ਲਿਫਦੇ ਹੋਏ ਬੈਂਤ
ਵਾਹ ਰਹੇ ਨੇ ਚਿੱਤਰ ਪੌਣਾਂ ਦੇ
ਨਾ ਕਾਗਜ਼ ਸਿਆਹੀ ਨਾ ਬੁਰਸ਼
ਸਾਰਯੂ

ਫਾਂਸੀ ਤੋਂ ਪਹਿਲਾਂ

ਕੋਇਲੇ!ਤੇਰੇ ਗੀਤ ਨੂੰ
ਅੱਧ ਵਿਚਾਲੇ ਛੱਡ ਕੇ ਜਾ ਰਿਹਾ
ਬਾਕੀ ਸੁਣਾਂਗਾ ਅਗਲੇ ਲੋਕ
ਬੇਨਾਮ

(ਇਹ ਹਾਇਕੂ ਮੌਤ ਦੀ ਸਜ਼ਾ ਲੱਗਣ ਤੋਂ ਪਹਿਲਾ ਕਿਸੇ ਬੇਨਾਮ ਕੈਦੀ ਦਾ ਲਿਖਿਆ ਹੋਇਆ ਹੈ।)

ਬੱਚੇ ਦੀ ਮੌਤ ਤੇ

ਉਸ ਦੀ ਜ਼ਿੰਦਗੀ ਸੁਪਨਾ ਬਹਾਰ ਦਾ
ਛੋਟਾ ਅਤੇ ਉਦਾਸ
ਮੈਂ ਪਾਗਲ ਹੋਣੋਂ ਰਹਿ ਗਿਆ
ਰਾਈਜ਼ਾਨ

ਫੁੱਲਾਂ ਦਾ ਹਮਸਫਰ

ਬਸੰਤ ਵਿੱਚ ਫੁੱਲ
ਖਿੜਨ ਤਾਂ ਮੈਂ ਮਾਣਦਾ

ਝੜਨ ਤਾਂ ਨਾਲ ਝੜਨ ਮੇਰੇ ਦਿਨ
ਓਨੀਤਸੁਰਾ

ਕਾਚ

ਅਚਾਨਕ ਪਈ ਮੀਂਹ ਦੀ ਵਾਛੜ
ਦੇਖੋ ਲੋਕਾਂ ਦੀ ਕਾਰੀਗਰੀ!
ਸਿਰ ਲੁਕਾਣ ਲਈ ਕੀ ਕੀ ਗੁਗਤਾਂ ਘੜਦੇ
ਓਤਸੁਯੂ

ਕਲਾਕਾਰ ਦਾ ਬੁਰਸ਼

ਇਕ ਉਲਾਂਘ, ਇਕ ਝਟਕਾ
ਫਿਰ ਚੱਲਣ ਲਗਾ ਸਰ ਸਰ ਕਰਕੇ
ਕਾਗਜ਼ ਤੇ ਤੈਰਨ ਲੱਗੀਆਂ ਤਿੰਨ ਮੱਛੀਆਂ
ਹੋਅ

ਪੌਣਾਂ ਦਾ ਭਾਰ

ਗਰਮੀ ਦੀ ਫੇਰੀ ਵਾਲਾ
ਸਾਹੋ ਸਾਹ ਪੱਖਿਆਂ ਦੇ ਝੋਲੇ ਨਾਲ
ਪਿੱਠ ਤੇ ਫੌਣਾਂ ਦਾ ਭਾਰ ਹੈ
ਕਾਕੋ

ਬੁੱਧ ਦੀ ਕਿਰਪਾ

ਬੁੱਧ ਦੇ ਸੂਤਰ ਕੋਈ ਪੜ੍ਹੇ ਹੌਲੀ ਹੌਲੀ
ਪਰ ਭਰ ਦੇਣ ਉਹ ਸੁਖਦ ਪੌਣ ਨਾਲ
ਖੇਤਾਂ ਅਤੇ ਪਹਾੜਾਂ ਨੂੰ
ਕਯੋਰਾਈ

ਕਵੀਆਂ ਦੀ ਦੌੜ

ਪੂਰੇ ਚੰਨ ਦੀ ਰਾਤ
ਦੇਖਾਂ ਅੱਜ ਪੂਰੇ ਜਪਾਨ ਵਿੱਚ
ਕਿਹੜਾ ਹੈ ਜਿਸ ਦੇ ਹੱਥ 'ਚ ਨਹੀਂ ਕਲਮ
ਓਨੀਤਸੁਰਾ

ਚੰਨ ਤੇ ਬੇਚੈਨ ਮਨ

ਪਹਿਲਾ ਮੈਂ ਟੰਗਿਆ ਪੂਰੇ ਚੰਨ ਨੂੰ
ਚੀਲ ਦੇ ਬਿਰਖ ਦੀ ਟਾਹਣੀ ਤੇ
ਮੁੜ ਲਾਹ ਕੇ ਟੰਗਿਆ ਕਿਤੇ ਹੋਰ

ਹੋਕੁਸ਼ੀ

ਕਲਾਕਾਰੀ

ਪੱਤਝੜ ਦੇ ਚੰਨ ਨੂੰ
ਜੋ ਕੋਈ ਲਾ ਦੇਵੇ ਇਕ ਦਸਤਾ
ਕਿੰਨਾ ਸੁਹਣਾ ਪੱਖਾ ਬਣੇ ਇਸਦਾ

ਸੋਕਾਨ

ਵਿਦਾਈ ਤੋਂ ਮਗਰੋਂ

ਲੇਟਾਂ ਕਦੇ ਬੈਠਾਂ ਮੈਂ ਜਾਗ ਰਹੀ
ਕਿੰਨੀ ਖੁੱਲ੍ਹੀ ਲੱਗੇ ਹੁਣ ਮੱਛਰਦਾਨੀ
ਕੋਈ ਨਹੀਂ ਹੈ ਮੇਰੇ ਨਾਲ

ਊਕੀਹਾਸ਼ੀ

ਬੋਧ ਦੇ ਅਕਸ

ਤਰੇਲ ਤੁਪਕੇ ਨਿੱਕੇ ਬਲੌਰੀ ਚਮਕਦਾਰ
ਵਿਤਕਰਾ ਨਾ ਕਰਦੇ
ਚਮਕਣ ਵਾਲੀ ਥਾਂ ਲਈ

ਸੋਈਨ

ਅਗਿਆਨ

ਪੂਰੇ ਚੰਨ ਦੀ ਚਾਨਣੀ ਤੇਜ
ਇਕ ਉੱਲੂ ਲੁਕ ਗਿਆ ਜਾ ਕੇ
ਸੜਕ ਕਿਨਾਰੇ ਬਣੇ ਮੰਦਰ ਹੇਠ

ਜੋਸੋ

ਖਾਮੋਸ਼ ਮੁਸਾਫਰ

ਢਲ ਰਿਹਾ ਪੱਤਝੜ ਦਾ ਸੂਰਜ
ਚੁੱਪ ਚਾਪ ਉੱਡ ਗਿਆ ਇਕ ਕਾਂ
ਸੰਤਰੇ ਰੰਗੀ ਅਸਮਾਨ ਦੇ ਆਰਪਾਰ

ਕੀਕੂ

ਵਿਸਮਾਦ

ਉਭਰੀ ਇਕ ਮੁਰਗਾਬੀ
ਅੱਖਾਂ 'ਚ ਭਰਿਆ ਵਿਸਮਾਦ
ਪਾਣੀ ਹੇਠਲੇ ਸੰਸਾਰ ਦਾ

ਜੋਸੋ

ਅਸਤ ਰਿਹਾ ਸੂਰਜ

ਸ਼ਾਮ ਪਈ ਸੁੱਕੀ ਟਹਿਣੀ ਬਿਰਖ ਦੀ
ਇਕ ਉਕਾਬ ਦੇ ਆਲ੍ਹਣੇ ਵਿੱਚ
ਸੂਰਜ ਅਸਤ ਹੋ ਰਿਹਾ

ਬੋਨਚੋ

ਹਰ ਦਿਨ ਚੰਗਾ

ਜਾਗਾਂ ਤੇ ਖੁਸ਼ ਹੋਵਾਂ
ਸਰਦੀਆਂ ਦੀ ਬਾਰਸ਼ ਵਾਲਾ
ਉਹੀ ਪੁਰਾਣਾ ਸਲੇਟੀ ਸੰਸਾਰ

ਸ਼ੋਹਾ

ਉਲਟੀ ਇੱਛਾ

ਮੀਂਹ ਦੀ ਤੇਜ਼ ਵਾਛੜ
ਮੈਂ ਟਿੱਲ ਲਾਵਾਂ ਅੱਗੇ ਨੂੰ
ਬੇਕਾਬੀ ਛਤਰੀ ਪਿੱਛੇ ਨੂੰ

ਸ਼ੀਸੇਈ

ਅਦਿੱਖ ਪੈੜ

ਧੁੰਦ'ਚ ਗੁੰਮ ਗਿਆ ਸੰਨਿਆਸੀ
ਪਿੱਛੇ ਛੱਡ ਗਿਆ ਬਾਕੀ
ਘੰਟੀ ਦੀ ਟੁਣਕਾਰ

ਮੇਈਸੇਤਸੂ

ਅਖੀਰਲੇ ਭਗੌੜੇ

ਹਵਾ ਤੋਂ ਪਰਾਰ ਕੁਝ ਸੁੱਕੇ ਪੱਤੇ
ਚਿੰਬੜੇ ਹੋਏ ਬਨੇਰਿਆਂ ਤੇ
ਲਟਕਦੀ ਬਰਫ ਦੀਆਂ ਨੁਕੀਲੀਆਂ ਸੂਈਆਂ ਨਾਲ

ਈਤੋ

ਨਿਖਾਵਾਂ ਜੀਵ

ਸਭ ਦੀ ਘਿਰਣਾ ਦੀ ਪਾਤਰ
ਫਿਰ ਵੀ ਮਰਨ ਤੋਂ ਇਨਕਾਰੀ
ਬੁੱਢੀ ਤੇ ਦੁਰਬਲ ਪਾਲੇ ਦੀ ਮੱਖੀ

ਕੀਕਾਕੁ

ਵਿਦਾ ਹੋਏ ਚੰਨ ਤੇ ਪੰਛੀ

ਡੁੱਬਦਾ ਜਾਵੇ ਚੰਨ ਦਿਨ ਅੰਦਰ
ਤੇ ਗੁੰਮਦੇ ਜਾਵਣ ਪੰਛੀ
ਸਾਗਰੀ ਦਿਸਹੱਦਿਆਂ ਅੰਦਰ

ਚੋਰਾ

ਚੁੰਝ ਚਰਚਾ

ਨਵਾਂ ਸਾਲ ਸਾਫ ਅਸਮਾਨ
ਪਿਛੇ ਰਹਿ ਗਈ ਬਨੇਰਿਆਂ ਤੇ
ਗਾਲੜੀ ਚਿੜੀਆਂ ਦੀ ਗਪ-ਸ਼ਪ

ਰਾਨਸੇਤਸੂ

ਮੌਤ ਲਈ ਹਾਇਕੂ

ਦੇਖ ਲਏ ਮੈਂ ਚੰਨ ਤੇ ਫੁੱਲ
ਹੁਣ ਜਾਵਾਂਗਾ ਤੇ ਦੇਖਾਂਗਾ
ਸਭ ਤੋਂ ਸੋਹਣੀ ਬਰਫ

ਰੀਯੋ

ਠੰਡ ਵਿਚ

ਚੰਨ ਤੇ ਮੈਂ
ਇਕਲੇ ਰਹਿ ਗਏ
ਪੁਲ 'ਤੇ ਠੁਕਣ ਲਈ

ਕੀਕੁਸ਼ਾ

ਲਿਖਤੁਮ ਬਾਬਾ

ਨਵੇਂ ਸਾਲ ਦਾ ਪਹਿਲਾ ਖ਼ਤ
ਲਿਖਆਂ ਆਪਣੇ ਪੋਤੇ ਨੂੰ
ਵੱਡੇ ਵੱਡੇ ਅੱਖਰਾਂ ਵਿਚ

ਰਯੁਕਾਨ ਮੀਯੋਸ਼ੀ

ਪੱਤਝੜ ਦਾ ਸੁਪਨਾ

ਅੱਗ ਵਾਂਗ ਤਪੇ
ਪੱਥਰ ਨੂੰ ਜੱਫੀ
ਪੱਤਝੜ ਦਾ ਸੁਪਨਾ

ਕਾਨਾਜੋ ਹਾਸੇਗਾਵਾ

ਬਸੰਤ ਵਾਂਗ

ਵਗੇ ਬਸੰਤੀ ਪੌਣ
ਸਵੇਰ ਦਾ ਵਕਤ
ਖੁਲ੍ਹ ਗਈ ਪਤੰਗਾਂ ਵਾਲੀ ਦੁਕਾਨ

ਸ਼ੋਹਾ

ਭੇਤ ਵਾਂਗ

ਨਵੇਂ ਸਾਲ ਦਾ ਪੋਹਿਲਾ ਸੁਪਨਾ
ਮੈਂ ਭੇਤ ਵਾਂਗ ਸਾਂਭ ਲਿਆ
ਤੇ ਮੁਸਕਰਾਇਆ ਆਪਣੇ ਆਪ 'ਤੇ

ਬਸੰਤ ਦੀ ਸਵੇਰ

ਮੇਰੀ ਪਤਨੀ ਵੀ
ਵਿਚਰ ਰਹੀ ਮਹਿਮਾਨਾਂ ਵਾਂਗ
ਅੱਜ ਬਸੰਤ ਦੀ ਸਵੇਰ

ਈਸੋ

ਭੁੱਲਣਹਾਰ

ਸੌਖੇ ਦਿਨ ਤੇ ਰਾਤ
ਸ਼ਾਂਤ ਮਹੀਨੇ ਸਾਲ
ਭੁੱਲ ਜਾਂਦੇ ਹਨ

ਤਾਈਗੀ

ਬਸੰਤ ਦੀ ਧੁੱਪ

ਮੈਂ ਕਾਇਲ ਹੋਇਆ

ਪੰਛੀਆਂ ਦੇ ਪਰਾਂ ਦਾ
ਬਸੰਤ ਦੀ ਧੁੱਪ 'ਚ ਲਿਸ਼ਕਦੇ
ਚੋਰਾ

ਬਸੰਤ ਨੂੰ ਵਿਦਾਈ

ਝੜੇ ਪੱਤੇ ਹੰਝੂ ਰਿਹਾ
ਵਿਦਾਇ ਹੋ ਰਹੀ ਹੈ
ਬਸੰਤ ਵਾਲੀ ਗੱਡੀ
ਬੁਸੋਨ

ਅਸਫ਼ਲ ਕਵੀ

ਬਸੰਤ ਵਿਦਾ ਹੋ ਰਹੀ
ਅਸਫ਼ਲ ਕਵੀ ਗੁੱਸੇ ਹੋ ਰਿਹਾ
ਸੰਪਾਦਕ ਦੀ ਚੋਣ 'ਤੇ
ਬੁਸੋਨ

ਝੜੇ ਪੱਤੇ

ਝੜੇ ਪੱਤੇ ਡੁੱਬ ਗਏ
ਤੇ ਜਾ ਬੈਠੇ ਅਹਿਲ ਪੱਥਰ 'ਤੇ
ਪਾਣੀ ਦੇ ਹੇਠ
ਜੋਸੋ

ਪੱਤੀ ਦੀ ਨੋਕ

ਤਿਕਾਲਾਂ ਪੈ ਰਹੀਆਂ
ਜੌਂ ਦੀ ਪੱਤੀ ਦੀ ਨੋਕ 'ਤੇ
ਬਸੰਤ ਦਾ ਕੋਹਰਾ
ਓਨੀਤਸੁਰਾ

ਅਪਣਤ

ਮੈਂ ਵੇਚੀ ਜੋ ਆਪਣੀ ਗਾਂ
ਛੱਡ ਕੇ ਜਾ ਰਹੀ ਹੈ ਪਿੰਡ
ਧੁੰਦ ਦੇ ਵਿਚਕਾਰ
ਹਯਾਕੁਚੀ

ਵਰਗਲਾਹਟ

ਦੂਰੋਂ ਆਂਦੀ ਚਿੜੀ ਦੀ ਅਵਾਜ਼

ਵਰਗਲਾਹਟ 'ਚ ਆਇਆ
ਚੜ੍ਹਨ ਲਗਿਆ ਸੂਰਜ

ਚੋਰਾ

ਚਿੜੀ ਦਾ ਚੂਕਣਾ

ਚਿੜੀ ਚੂਕਣ ਦੀ ਅਵਾਜ਼
ਮੈਂ ਰੁਕ ਗਈ
ਕੰਮ ਕਰਦੀ ਚੁਬੱਚੇ 'ਚ

ਚੀਗੇਤਸੂ

ਅਦਿੱਖ

ਸਿਰਖ਼ ਅਵਾਜ਼
ਆਵੇ ਅਸਮਾਨ 'ਚੋਂ
ਆਪ ਦਿਖੇ ਨਾ ਪੰਛੀ

ਆਨਪੂ

ਕਸ਼ਮਕਸ਼

ਪਾਲੇ ਦੀ ਸਰਦੀ
ਕਸ਼ਮਕਸ਼ ਕਰੇ
ਪਰਿੰਦਾ

ਯਾਸੂਈ

ਪਰਾਂ ਨਾਲ

ਨਿੱਕੀ ਚਿੜੀ
ਪ੍ਰਗਟ ਕਰੇ ਖੁਸ਼ੀ
ਸਮੁੱਚੇ ਪਰਾਂ ਨਾਲ

ਸੇਕੀਓ

ਪਾਣੀ ਦਾ ਰੰਗ

ਚਿੱਟੀਆਂ ਮੱਛੀਆਂ
ਜਿਵੇਂ ਪਾਣੀ ਦਾ ਰੰਗ
ਹਰਕਤ ਕਰੇ

ਰਾਈਜ਼ਾਨ

ਆਦਰ ਨਾਲ

ਹੱਥਾਂ ਨੂੰ ਧਰਤੀ 'ਤੇ ਰੱਖ ਕੇ

ਡੱਡੂ ਗਾਵੇ ਬੜੇ ਆਦਰ ਨਾਲ
ਆਪਣੇ ਗੀਤ ਨੂੰ

ਸੋਕਾਨ

ਮੀਂਹ ਤੇ ਚੰਨ

ਜੂਨ ਵਾਲਾ ਮੀਂਹ
ਇਕ ਸ਼ਾਮ ਲੁਕ ਛਿਪ ਕੇ
ਬਾਸਾਂ 'ਚੋਂ ਚੜ੍ਹਿਆ ਚੰਨ

ਰਯੋਤਾ

ਇਕ ਦੂਜੇ 'ਤੇ

ਝੜਦੇ ਪੱਤੇ ਗਿਰਨ
ਗਿਰਨ ਇਕ ਦੂਜੇ ਉਪਰ
ਤੇ ਵਰਖਾ ਗਿਰੇ ਵਰਖਾ ਉਤੇ

ਗਯੋਦਾਈ

ਵਗਦੀ ਸੋਚ

ਲੰਮੀ ਰਾਤ
ਵਗਦੇ ਪਾਣੀ ਦੀ ਅਵਾਜ਼
ਦੱਸ ਰਹੀ:ਮੈਂ ਕੀ ਸੋਚ ਰਿਹਾ?

ਗੋਚੀਕੁ

ਫੁੱਲ ਤੇ ਕਾਂ

ਇਕ ਫੁੱਲ ਝੜਿਆ
ਇਕ ਕਾਂ ਬੋਲਿਆ
ਇਕ ਫੁੱਲ ਹੋਰ ਝੜਿਆ

ਬਾਣੂਸ਼ੀਤਸੂ

ਗੁੱਸਾ ਬੈਂਤ 'ਤੇ

ਮੈਂ ਪਰਤਿਆ
ਗੁੱਸੇ 'ਚ ਤੇ ਵਧੀਕੀ ਮਹਿਸੂਸਦਾ
ਬਾਗ 'ਚ ਖੜ੍ਹੇ ਬੈਂਤ ਦੇ ਬੂਟੇ 'ਤੇ

ਰਯੋਤਾ

ਬੱਚਾ ਬੁੱਧ ਹੋਇਆ

ਫੁੱਲ ਨੂੰ ਨਿਹਾਰ ਰਿਹਾ

ਖੁੱਲ੍ਹੇ ਮੂੰਹ ਨਾਲ
ਉਹ ਤਾਂ ਬੁੱਧ ਹੈ

ਕੁ ਬੁ ਤ ਸੁ

ਸਹਿਜ ਸੁਭਾਵਕ

ਸਾਕੁਰਾ ਦੇ ਫੁੱਲ ਖਿੜਨ
ਪੰਛੀਆਂ ਦੇ ਦੋ ਪੈਰ
ਘੋੜਿਆ ਦੇ ਚਾਰ

ਓਨੀਤਸੁਰਾ

ਗੇਂਦ ਲੱਗੇ ਚੰਨ

ਸੁਖਾਵੀਂ ਠੰਡੀ
ਇਕ ਗੇਂਦ ਲੱਗੇ
ਅੱਧੀ ਰਾਤ ਦਾ ਚੰਨ

ਤੇਈਸ਼ੀਤਸੁ

ਅਮੁੱਕ ਵਰਖਾ

ਖਰੀਦ ਕੇ ਦਿੱਤਾ ਪਤੰਗ
ਪਰ ਬੱਚਾ ਖਿਝਿਆ ਹੋਇਆ
ਮੁੱਕਦੀ ਨਜ਼ਰ ਨਾ ਆਵੇ ਬੂੰਦਾਬਾਂਦੀ

ਸ਼ੋਹਾ

ਕੁਦਰਤ ਦਾ ਖਰ੍ਹਵਾਪਣ

ਗੁਲਾਬਾਂ 'ਤੇ ਗਿਰ ਰਿਹਾ
ਕਿੰਨੇ ਖਰ੍ਹਵੇਪਣ ਨਾਲ
ਗਰਮੀਆਂ ਦਾ ਮੀਂਹ

ਸਾਨਪੂ

ਮਰਜ਼ੀ ਦੀ ਮਾਲਕ

ਗਰਮੀ 'ਚ ਅਸਮਾਨੀ ਬਿਜਲੀ
ਕੱਲ ਪੂਰਬ ਵੱਲ ਸੀ ਗਰਜਦੀ
ਅੱਜ ਚਮਕੇ ਪੱਛਮ ਵੱਲ

ਕੀਕਾਕੁ

ਬੱਤਖਾਂ

ਤੈਰਦੀਆਂ ਬੱਤਖਾਂ

ਅੱਜ ਖਿੜ ਰਹੀਆਂ
ਪਰਲੇ ਕਿਨਾਰੇ ਕੋਲ

ਓਤਸੁਯੁ

ਕੋਇਲ ਦੀ ਕੂਕ

ਕੋਇਲ ਦੀ ਕੂਕ
ਦੇਵਤਿਓ ਤੁਸੀਂ ਵੀ ਸੁਣੋ
ਇਸ ਦਾ ਗੀਤ

ਸੋਈਨ

ਪ੍ਰਸੰਸਾ ਕੋਇਲ ਦੀ

ਕੋਇਲ ਦੀ ਕੂਕ ਸੁਣਕੇ
ਮੱਛੀ ਕੁੱਦੀ ਬਾਹਰ ਅਕਾਸ਼ ਵੱਲ
ਤੇ ਮੁੜ ਰਵਾਂ ਹੋਇਆ ਪਾਣੀ

ਗੋਨਸੁਈ

ਅਕਾਸ਼ ਵਿਚਲੇ ਚੌਰਾਹੇ

ਬਾਜ਼ ਤੇ ਕੋਇਲ
ਸਿਰਜਦੇ ਨੇ ਇਕ ਚੌਰਾਹਾ
ਅਕਾਸ਼ 'ਚ ਆਪਣੇ ਚਹਿਕਣ ਨਾਲ

ਕਯੋਰਾਈ

ਸ਼ਾਮ ਪਈ

ਜਾ ਰਹੀ ਹੈ ਘਰ ਨੂੰ ਨੌਕਰਾਣੀ
ਹੱਥ 'ਚ ਫੜ੍ਹੀ ਛਤਰੀ
ਦੇਖੇ ਸ਼ਾਮ ਦੇ ਘੁਸਮੁਸੇ ਵੱਲ

ਕਯੋਰੋਕੁ

ਵਰਖਾ ਨਾਲ

ਪੱਤਣ ਉਪਰ ਪਏ ਪੱਥਰ
ਇਕਦਮ ਜੀਵਨ ਹੋ ਗਏ
ਪਾਲੇ ਦੀ ਵਰਖਾ ਨਾਲ

ਕੀਨਯਾ

ਸ਼ਾਮ ਦੀ ਵਾਛੜ

ਸ਼ਾਮ ਦੀ ਵਾਛੜ

ਕੀੜੀਆਂ ਦੌਵਨ ਅੰਨ੍ਹੇਵਾਹ
ਹੇਠਾਂ ਵੱਲ ਬੈਤਾਂ ਤੇ

ਜੋਸੋ

ਪੱਤੇ ਦਾ ਡੁੱਬਣਾ

ਫੈਲੀ ਖਾਮੋਸ਼ੀ
ਇਕ ਪੱਤਾ ਡੁੱਬ ਰਿਹਾ
ਸਾਫ ਪਾਣੀਆਂ ਅੰਦਰ

ਸ਼ੋਹਾਕੂ

ਧਰਮ ਆਪੋ-ਆਪਣੇ

ਬੁੱਧ ਦੇ ਵੱਡੇ ਬੁੱਤ ਪਿਛੇ
ਸ਼ਿਤੋ ਧਰਮ ਦਾ ਮੰਦਰ
ਪਿਛੇ ਟਿੱਡਿਆ ਦੀ ਚਿਰ ਚਿਰ

ਬੁਸੋਨ

ਬੱਚੇ ਦੀ ਕਬਰ ਤੇ

ਖਰਬੂਜ਼ੇ ਜਿਨ੍ਹਾਂ ਲਈ ਪਿਛਲੇ
ਝਿੜਕਿਆਂ ਸੀ ਉਸ ਨੂੰ ਖਾਣ ਸਮੇਂ
ਹੁਣ ਮੈਂ ਭੱਟ ਕਰਾਂ ਉਸ ਦੀ ਰੂਹ ਨੂੰ

ਓਏਮਾਰੂ

ਉਸਤਾਦ ਦਾ ਵੈਭਵ

ਉਸਤਾਦ
ਪ੍ਰਗਟ ਹੋ ਰਿਹਾ
ਸ਼ਾਮ ਦੀ ਗਰਿਹਾਈ 'ਚੋਂ

ਚੋਰਾ

ਪੱਤਝੜ ਦੀ ਸ਼ਾਮ

ਪੱਤਝੜ ਦੀ ਸਾਮ
ਬਗੈਰ ਅਵਾਜ਼ ਕੀਤਿਆਂ
ਕੋਲੋਂ ਲੰਗ ਗਿਆ ਕਾਂ

ਕੀਕੂ

ਧੁੰਦ ਵਿਚੋਂ

ਸੰਘਣੀ ਧੁੰਦ ਵਿੱਚੋਂ

ਕਿਸ ਨੇ ਬੁਲਾਇਆ ਹੈ
ਪਹਾੜੀ ਅਤੇ ਬੇੜੀ ਵਿਚਕਾਰ

ਕੀਤੋ

ਪਾਣੀ ਵਿਚਲਾ ਚੰਨ

ਟੁੱਟਕੇ ਵੀ
ਭੱਜ ਕੇ ਵੀ ਕਾਇਮ
ਪਾਣੀ ਵਿਚਲਾ ਚੰਨ

ਚੋਸ਼ੂ

ਹਮਸ਼ਫਰ

ਤੂਫਾਨੀ ਪੌਣ ਦਾ
ਹਮਸਫਰ ਅਸਮਾਨੀ
ਇਕ ਇਕੱਲਾ ਚੰਨ

ਬੋਨਚੋ

ਲਹਿਰਾਂ ਵਾਲਾ ਚੰਨ

ਜਲ ਪੰਛੀ
ਚੁੰਝਾਂ ਮਾਰਨ ਚੰਨ ਨੂੰ
ਲਹਿਰਾਂ ਵਾਲਾ ਚੰਨ

ਜੁਈਰਯੂ

ਪਾਣੀ ਵਿਚਲਾ ਚੰਨ

ਬਾਰ ਬਾਰ ਚੰਨ ਨੂੰ
ਭਰਾਂ ਤੇ ਸੁੱਟਾ
ਪਾਣੀ ਵਾਲੇ ਭਾਂਡੇ ਨਾਲ

ਰਯੂਹੋ

ਅਲਵਿਦਾ ਚੰਨ ਨੂੰ

ਗੱਲਾਂ ਕਰਾਂ ਪੁਲ ਦੇ ਚੌਂਕੀਦਾਰ ਨਾਲ
ਤੇ ਨਾਲੇ ਚੁੱਪ ਤੱਕਣੀ ਨਾਲ
ਕਹਾਂ ਅਲਵਿਦਾ ਚੰਨ ਨੂੰ

ਤਾਈਗੀ

ਸੁਭਾਅ

ਪੱਤਝੜ ਦੀ ਹਵਾ

ਦਾ ਸੁਭਾਅ ਹਿਲਾਣਾ
ਰੱਸੀ ਵਾਲੇ ਪਰਦਿਆ ਨੂੰ

ਰਾਨਸੇਤਸੂ

ਸ਼ਰਧਾਂਜਲੀ ਵਾਲਾ ਕਮਰਾ

ਸ਼ਰਧਾਂਜਲੀ ਵਾਲਾ ਕਮਰਾ
ਫੁੱਲਾਂ ਤੇ ਪਈ ਤਰੇਲ ਤੇ ਹੂੰਝ
ਦੀਵਿਆਂ 'ਚ ਪਿਆ ਤੇਲ

ਰਾਨਸੇਤਸੂ

ਪਹਿਲਾਂ ਵਾਲਾ ਕਮਰਾ

ਸ਼ਰਧਾਂਜਲੀ ਵਾਲਾ ਕਮਰਾ
ਰਸਮਾਂ ਤੋਂ ਬਾਦ
ਮੁੜ ਪਹਿਲਾ ਵਾਲਾ ਕਮਰਾ

ਬੁਸੋਨ

ਸਵੇਰ ਦਾ ਚਿਹਰਾ

ਮੈਂ ਜਪ ਰਿਹਾ ਸੂਤਰ
ਤੇ ਬਾਹਰ ਸਵੇਰ ਦੇ ਚਿਹਰੇ ਤੇ
ਫੈਲ ਰਹੀ ਹੈ ਮਹਾਂ-ਮਹਿਮਾ

ਕਯੋਰੋਕੁ

ਹਮਸਫਰ

ਪ੍ਰਵਾਸੀ ਪੰਛੀਓ ਮੇਰੇ ਲਈ ਵੀ
ਹੁਣ ਇਹ ਹੋਇਆ ਪੁਰਾਣਾ ਘਰ
ਬਸ ਇਕ ਰਾਤ ਦਾ ਟਿਕਾਣਾ

ਕਯੋਰਾਈ

ਹਾਦਸਾ ਰਹਿਤ ਪੰਛੀ

ਮੱਖੀਆਂ ਉੱਡੀਆਂ ਫਿਰਨ
ਇਕ ਹਾਦਸਾ ਰਹਿਤ ਪਿੰਡ ਵਿੱਚ
ਦੁਪਹਿਰ ਦਾ ਵਕਤ

ਕਯੋਸ਼ੀ

ਬਗ਼ੈਰ ਕਿਸੇ ਕਾਰਨ

ਸਰਦੀਆਂ ਦੀ ਰਾਤ

ਬਗ਼ੈਰ ਕਿਸੇ ਕਾਰਨ ਸੁਣ ਰਿਹਾ ਮੈਂ
ਕੰਧ ਪਾਰੋਂ ਗੁਆਂਢੀਆਂ ਦੀਆਂ ਗੱਲਾਂ

ਕੀਕਾਕੂ

ਲੁਕਾਂਦਾ ਹਾਂ

ਵਿਦਾ ਹੋ ਰਿਹਾ ਇਹ ਸਾਲ
ਲੁਕਾਂਦਾ ਹਾਂ ਆਪਣੇ ਚਿੱਟੇ ਵਾਲ
ਮੈਂ ਆਪਣੇ ਬਾਪ ਕੋਲੋਂ

ਏਤਸੁਜੀਨ

ਨਵੇਂ ਸਾਲ ਦੀ ਵਧਾਈ

ਰਾਤ ਵਾਲੀ ਪਾਰਟੀ 'ਚ
ਮਿਲ ਬੈਠੇ ਤਿੰਨ ਯਾਰ
ਤੇ ਫਿਰ ਲੜ ਰਹੇ

ਬਾਸ਼ੋ

ਪਿਛਲਾ ਸਾਲ

ਲੱਤਾਂ ਮਾਰਦਾ ਠੁੱਡਾਂ ਮਾਰਦਾ
ਇਕ ਵਾਰ ਵੀ ਮੁੜਕੇ ਦੇਖੇ ਬਗ਼ੈਰ
ਲੰਘ ਗਿਆ ਪਿਛਲਾ ਸਾਲ

ਸੇਨਕਾਕੂ

ਮੇਰਾ ਸਾਥ

ਇਕ ਇਕੱਲਾ ਪੰਛੀ
ਮੇਰਾ ਸਾਥ
ਚੁਫੇਰੇ ਫੈਲੀ ਬੰਜਰ ਜ਼ਮੀਨ

ਸੋਂਨਾ

ਹਨੇਰੀ ਦਾ ਹਿੱਸਾ

ਘੋੜੇ ਨੂੰ ਦਬਕੇ ਲਈ ਮਾਰੀ ਚੀਕ
ਹਨੇਰੀ ਦਾ ਹੀ ਹਿੱਸਾ ਜਾਪੇ
ਚੁਫੇਰੇ ਫੈਲੀ ਬੰਜਰ ਜ਼ਮੀਨ ਤੇ

ਕਯੋਕੁਸੁਈ

ਭਿੱਖੂ ਦੀ ਮੌਤ

ਨਾਲੇ ਟੁਣਕਾਵਾਂ ਭਿੱਖ ਪਾਤਰ ਨੂੰ

ਨਾਲੇ ਪੀਵਾਂ ਮੀਂਹ ਦੀਆਂ ਬੂੰਦਾਂ
ਆਪਣੇ ਚਿਹਰੇ ਤੋਂ

ਰਾਈਜ਼ਾਨ

ਅਭਿੱਜ ਭਿੱਖੂ ਹੋਏ

ਰਾਤ ਨੂੰ ਬੱਚਾ ਰੋਵੇ
ਲੰਘ ਗਏ ਉਸ ਦੀ ਕੁੱਲੀ ਕੋਲੋਂ
ਅਸੀਂ ਭਿੱਖ ਪਾਤਰ ਟੁਣਕਾਂਦੇ

ਕਯੋਰੋਕੂ

ਸਹਿਜ ਦਾ ਕਮਾਲ

ਬੱਤਖਾਂ
ਦੇਖਣ ਨੂੰ ਭਾਰੀ
ਪਰ ਤੈਰਨ ਕਿੰਨਾ ਸਹਿਜ

ਓਨੀਤਸੁਰਾ

ਸ਼ਾਮ ਅਤੇ ਸ਼ੋਰ

ਸ਼ਾਮ ਚੱਲ ਰਹੀ
ਜੰਗਲੀ ਬੱਖਾਂ ਦਾ ਸ਼ੋਰ
ਕਿਲ੍ਹੇ ਨੂੰ ਘੇਰ ਰਿਹਾ

ਕਯੋਰੋਕੂ

ਕੁੱਤੇ ਦੇ ਆਹਮੋ-ਸਾਹਮਣੇ

ਕੁੱਤੇ ਨੂੰ ਸ਼ਿਸ਼ਕਾਰਨ ਲਈ
ਇਕ ਵੀ ਪੱਥਰ ਨਜ਼ਰ ਨਾ ਆਵੇ
ਸਰਦੀਆਂ ਦੀ ਰਾਤ ਵਾਲਾ ਚੰਨ

ਚੋਰਾ

ਜਾਗਣ ਦੀ ਖੁਸ਼ੀ

ਵਸਦੇ ਰਸਦੇ ਸੰਸਾਰ ਵਿੱਚ
ਜਾਗਣ ਦੀ ਖੁਸ਼ੀ
ਬਾਹਰ ਪਾਲੇ ਦੀ ਵਰਖਾ

ਸ਼ੋਹਾ

ਬੇਖਬਰ ਵਰਖਾ

ਪਾਲੇ ਵਾਲੀ ਵਰਖਾ ਮਿਟ ਰਹੀ

ਕਬਰ ਤੇ ਉਕਰੇ ਸ਼ਬਦ
ਉਦਾਸੀ ਦਾ ਅਹਿਸਾਸ

ਰੋਕਾ

ਹਵਾ ਅਤੇ ਪੱਥਰ

ਸਰਦੀਆਂ ਦੇ ਚੰਨ ਹੇਠ
ਨਦੀ ਉਪਰ ਵਗ ਰਹੀ ਹਵਾ
ਪੱਥਰਾਂ ਨੂੰ ਤਿੱਖਾ ਕਰੇ

ਕਯੋਰਾਈ

ਮੀਂਹ ਦੀ ਬੇਬਸੀ

ਤੇਜ਼ ਹਵਾ ਗਿਰਨ ਨਾ ਦੇਵੇ
ਧਰਤੀ ਉਪਰ
ਪਾਲੇ ਦੀ ਵਰਖਾ ਨੂੰ

ਕਯੋਰਾਈ

ਹਿਲਦੇ ਪਾਣੀ

ਟੋਭੇ ਵਿੱਚ ਤਾਰੇ
ਪਾਲੇ ਦੀ ਵਾਛੜ ਬਾਰ ਬਾਰ
ਹਿਲਾ ਦੇਵੇ ਪਾਣੀਆਂ ਨੂੰ

ਸੋਰਾ

ਬਾਂਗ ਨਾਲ ਮੀਂਹ

ਕੁੱਕੜ ਦੀ ਬਾਂਗ ਨਾਲ
ਗਾਵਾਂ ਦੀ ਛਪਰੀ 'ਤੇ
ਪੈਣ ਲੱਗਾ ਸਰਦੀ ਵਾਲਾ ਮੀਂਹ

ਬਾਸ਼ੋ

ਇਹ ਸ਼ਾਮ, ਉਹ ਸ਼ਾਮ

ਪਾਲੇ ਦੀ ਵਰਖਾ ਵਾਲੀ ਇਹ ਸ਼ਾਮ
ਮੇਰੇ ਪੁਰਖਿਆਂ ਦੀ ਕਿਸੇ
ਇਕ ਸ਼ਾਮ ਵਰਗੀ ਹੋਵੇਗੀ

ਬੂਸੋਨ

ਵਰਖਾ ਅਤੇ ਸਿਮਰਤੀ

ਸਰਦੀਆਂ ਦੀ ਵਰਖਾ

ਲੈ ਆਵੇ ਸਾਡੀਆਂ ਅੱਖਾਂ ਮੁਹਰੇ
ਪੁਰਾਣੇ ਵਕਤਾਂ ਨੂੰ ਹੂਬਹੂ

ਬੂਸਨੋ

ਛਤਰੀ ਕੋਈ

ਸ਼ਾਮ ਗਹਿਰੀ ਹੋਈ
ਗੁਆਂਢੀਆਂ ਦੇ ਜਾ ਵੜੀ
ਛਤਰੀ ਕੋਈ ਬਾਰਸ਼ ਦੀ ਅਵਾਜ਼ ਲਈ

ਰਾਨਰਾਨ

ਰਹੱਸ ਕੁਦਰਤ ਦੇ

ਨਾ ਸਵਰਗ ਨਾ ਧਰਤ
ਰਹੱਸਮਈ ਬਰਫ ਵਰ੍ਹੇ
ਵਰ੍ਹੇ ਅਟੁੱਟ....ਲਗਾਤਾਰ.....

ਹਾਸ਼ੀਨ

ਕੁੱਤੇ ਮਿਹਰਬਾਨ

ਕੁੱਤਿਓ ਮਿਹਰ ਕਰੋ
ਤੇ ਦੋਵੇ ਰਾਹ ਮੈਨੂੰ
ਇਸ ਬਰਫ ਵਾਲੇ ਰਾਹ ਤੇ

ਇੱਸਾ

ਮੇਰੀ ਮੇਰੀ

ਜਦ ਮੈਂ ਸੋਚਿਆ ਇਹ ਤਾਂ ਮੇਰੀ ਹੈ'
ਤਾਂ ਛਤਰੀ ਤੇ ਪਈ ਬਰਫ
ਕਿੰਨੀ ਹਲਕੀ ਜਪਾਣ ਲੱਗੀ

ਕੀਕਾਕੂ

ਕਿਸੇ ਦੇ ਪੁੱਤ

ਵਰ੍ਹਦੀ ਬਰਫ ਵਿੱਚ
ਇੱਕਠੇ ਕਰੇ ਖਾਲੀ ਡੱਬੇ
ਉਹ ਵੀ ਕਿਸੇ ਦਾ ਪੁੱਤ

ਖਾਨਰੀ

ਬੇਪਰਵਾਹ ਪੱਤਾ

ਬਿਰਖ ਦਾ ਪੱਤਾ

ਹਵਾ ਤੋਂ ਬੇਪਰਵਾਹ
ਝੜ ਰਿਹਾ.....

ਬੋਨਚੋ

ਮੁੜ ਮੁੜ

ਮੁੜ ਮੁੜ
ਝੱਖੜ 'ਚ ਬਦਲੇ
ਹਵਾ ਤੇਜ਼

ਸ਼ੀਕੀ

ਹਨੇਰੀ ਅਤੇ ਪੱਥਰ

ਚਟਾਨੀ ਪਹਾੜਾਂ ਤੇ
ਕੰਕਰ ਭਰੀ ਹਨੇਰੀ
ਟਕਰਾਅ ਰਹੀ ਪੱਥਰਾਂ ਨਾਲ

ਬਾਸ਼ੋ

ਝੱਖੜ ਬੇਕਾਬੂ

ਪਹਾੜੀ ਹਵਾ ਬਣ ਕੇ ਝੱਖੜ ਤੇਜ਼
ਫਿਰ ਜਾ ਵੜੀ
ਘੋੜੇ ਦੇ ਕੰਨਾ ਅੰਦਰ

ਤਾਈਰੋ

ਝੱਖੜ ਬੇਰਹਿਮ

ਪਾਲੇ ਦਾ ਝੱਖੜ
ਵਗਦੇ ਪਾਣੀ ਦਾ ਜ਼ੋਰ
ਪੱਥਰਾਂ ਨਾਲ ਛਲਣੀ ਛਲਣੀ

ਬੁਸੋਨ

ਵਿਰਲਾਪ

ਉਸ ਦੇ ਸਾਥੀ ਨੂੰ ਖਾ ਗਈ ਬਿੱਲੀ
ਟਿੱਡੇ ਦੀ ਪਤਨੀ
ਜ਼ਰੂਰ ਵਿਰਲਾਕ ਕਰਦੀ ਹੋਵੇਗੀ

ਕੀਕਾਕੂ

ਛਿਣ ਭੰਗਾਰ

ਅਰਬੀ ਦਾ ਇਕ ਪੱਤਾ

ਪਾਣੀ ਦੀ ਬੂੰਦ ਦੇ
ਸਮੁੱਚੇ ਜੀਵਨ ਦਾ ਧਾਰੀ

ਕੀਕਾਕੂ

ਮਲੰਗ

ਕੋਲੋਂ ਲੰਘ ਰਹੇ ਲੋਕ ਮੂੰਹ ਵੱਟ ਕੇ
ਪਰ ਖੁਸ਼ ਹੈ ਭਿਖਾਰੀ ਗਾਰਮੀ 'ਚ
ਪਹਿਨੇ ਨਿੱਤ ਧਰਤੀ ਤੇ ਅਸਮਾਨ

ਕੀਕਾਕੂ

ਜੰਗ ਅਤੇ ਮੱਛਰ

ਜੰਗ ਦੇ ਸੁਪਨੇ 'ਚ ਮਰਨ ਲੱਗਾ ਸੀ ਮੈਂ
ਮੱਛਰਾਂ ਨੇ ਕਰ ਦਿੱਤਾ ਸੀ
ਮੇਰੇ ਜਿਸਮ ਉਤੇ ਹਮਲਾ

ਕੀਕਾਕੂ

ਬਿਰਖ ਤੇ ਸੱਪ

ਪੱਤਝੜ ਦੀ ਹਵਾ
ਇਕ ਸੱਪ ਚਿੰਬੜ ਰਿਹਾ
ਸ਼ਹਿਤੂਤ ਦੇ ਬਿਰਖ ਨਾਲ

ਆਯਾਕੋ ਹੋਸੋਮੀ

ਅਖੀਰ ਵਿੱਚ

ਪਿਆ ਮਿਰਤਕ ਸਰੀਰ
ਵਗੇ ਪੱਤਝੜ ਦੀ ਹਵਾ
ਉਸ ਦੀਆਂ ਨਾਸਾਂ ਕੋਲ

ਦਾਕੋਤਸੂ

ਮੁੜ ਮਿਲੇ

ਪੱਤਝੜ ਦੀ ਹਵਾ ਵਗੇ
ਮੈਂ ਮਿਲਿਆ ਅੱਜ ਉਸ ਗਾਂ ਨੂੰ
ਜਿਹੜੀ ਵੇਚੀ ਸੀ ਮੈਂ ਪਿਛਲੇ ਸਾਲ

ਓਏਮਾਤੂ

ਰੰਗਾਂ ਦੇ ਘੇਰੇ

ਧਰਤੀ ਦੀ ਹਰ ਚੀਜ਼ ਨੂੰ

ਜਬਤ ਕਰ ਲਿਆ ਹੈ
ਸਤਰੰਗੀ ਪੀਂਘ ਦੇ ਘੇਰੇ ਨੇ

ਯਾਮਾਗੂਚੀ ਸੇਈਸ਼ੀ

ਰੱਬ ਦਾ ਰੰਗ

ਰੱਬ ਨੇ ਲਮਕਾਈ ਸਤਰੰਗੀ ਪੀਂਘ
ਭਲੇ ਵਕਤਾਂ 'ਚ ਮੁੜ ਵਰਤਣ ਲਈ
ਰੱਬ ਦੀ ਇਸ ਨੂੰ ਲਵੇਗਾ ਲਾਹ

ਯਾਮਾਗੂਚੀ ਸੇਈਸ਼ੀ

ਰੰਗਾਂ ਦੇ ਹੇਠ

ਮੈਂ ਕੋਸ਼ਿਸ਼ ਕਰਾਂ ਲਗਾਤਾਰ
ਪਰ ਬਾਹਰ ਨਿਕਲ ਸਕਾਂ ਨਾ
ਇਸ ਸਤਰੰਗੀ ਪੀਂਘ ਦੇ ਹੇਠਾਂ ਤੋਂ

ਉਸਾਕੀ ਫੁਯੂਓ

ਜੁਗਨੂੰ

ਪਿੱਛਾ ਕਰਨ ਤੇ
ਜੁਗਨੂੰ
ਲੁਕ ਗਿਆ ਚੰਨ ਓਹਲੇ

ਰਯੋਤਾ

ਜੁਗਨੂੰ ਰਹਿਮਦਿਲ

ਜੁਗਨੂੰ
ਰੌਸ਼ਨੀ ਦਿਖਾਵੇ
ਆਪਣਾ ਪਿੱਛਾ ਕਰਨ ਵਾਲੇ ਨੂੰ

ਓਏਮਾਰੂ

ਜੁਗਨੂੰ

ਇਧਰ ਉਧਰ ਨਜ਼ਰ ਆਵੇ
ਹਰਾ ਰਾਤ ਨੂੰ ਘਾਹ
ਜੁਗਨੂੰਆਂ ਦੇ ਨਾਲ

ਹੋਜੋ

ਜ਼ਿੱਦੀ ਬੱਚਾ ਤੇ ਜੁਗਨੂੰ

ਗੁਆਚਿਆ ਬਾਲ ਰੋਈ ਜਾਵੇ

ਰੋਈ ਜਾਵੇ ਫਿਰ ਵੀ ਪਰ
ਹਟੇ ਨਾ ਜੁਗਨੂੰ ਫੜ੍ਹਨ ਤੋਂ

ਰਯੂਸੁਈ

ਫੁੱਲ ਜਾਂ ਤਿਤਲੀ

ਮੈਨੂੰ ਲੱਗਿਆ ਗਿਰਦਾ ਫੁੱਲ
ਮੁੜ ਟਹਿਣੀ ਵੱਲ ਪਰਤ ਰਿਹਾ
ਇਹ ਤਾਂ ਤਿਤਲੀ ਸੀ

ਮਾਰੀਤਾਕੇ

ਬੇਚੈਨ ਹਵਾ ਤੇ ਤਿਤਲੀ

ਹਵਾ ਵਿੱਚ ਬੇਚੈਨ ਫੈਲ ਗਈ
ਜਦ ਤਿੱਖੀਆਂ ਤਾਰਾਂ 'ਚ
ਉਲਝ ਗਈ ਇਕ ਤਿਤਲੀ

ਤਾਮਾਕੀ ਮਾਕੋਤੋ

ਤਿਤਲੀ

ਠੁਕ ਗਈ ਤਿਤਲੀ
ਮਾਰ ਗਈ ਉਡਾਰੀ
ਆਪਣੀ ਰੂਹ ਮਗਰ

ਕਯੋਸ਼ੀ

ਤਿਤਲੀ ਅਲੋਪ

ਤਿਤਲੀ ਅਲੋਪ
ਮੇਰੀਏ ਰੂਹੇ ਨੀ
ਮੁੜ ਆ ਮੇਰੇ ਕੋਲ

ਵਾਡੂ

ਤਿਤਲੀ ਦਾ ਸੁਪਨਾ

ਤਿਤਲੀਏ!
ਕੀ ਤੁਪਨਾ ਦੇਖੇਂ
ਤੇਰੇ ਪਰ ਥਰਕ ਰਹੇ

ਚੀਯੋ ਨੀ

ਤਿਤਲੀ ਦਾ ਸੁਪਨਾ

ਪੱਥਰ ਤੇ ਸੌਂ ਰਹੀ ਤਿਤਲੀਏ!

ਤੂੰ ਸੁਪਨਾ ਦੇਖ ਰਹੀ
ਮੇਰੇ ਉਦਾਸ ਜੀਵਨ ਦਾ

ਸ਼ੀਕੀ

ਤਿਤਲੀ ਦਾ ਸੁਪਨਾ

ਤਿਤਲੀ ਸੁਪਨਾ ਦੇਖੇ ਫੁੱਲਾਂ ਦਾ
ਮੈਂ ਮਜਬੂਜੀ ਵੱਸ ਪੁੱਛਾਂਗਾ
ਪਰ ਚੁੱਪ ਦੀ ਭਾਸ਼ਾ ਨਾਲ

ਰੇਈਕਾਨ

ਬੱਚੇ ਅਤੇ ਤਿਤਲੀਆਂ

ਤੀਰਥ ਯਾਤਰੀਆਂ ਦੇ ਬੱਚੇ
ਮੁੜ ਮੁੜ ਪਿੱਛੇ ਰਹਿੰਦੇ ਜਾਣ
ਖੇਲ੍ਹਣ ਤਿਤਲੀਆਂ ਨਾਲ

ਸ਼ੀਕੀ

ਤੂੰ ਤਿਤਲੀ

ਤੂੰ ਤਿਤਲੀ
ਮੈਂ ਚੁਆਂਗ ਤਸੂ
ਦਾ ਸੁਪਨਾ ਲੈਂਦਾ ਦਿਲ

ਬਾਸ਼ੋ

ਹਵਾ ਅਤੇ ਤਿਤਲੀ

ਹਵਾ ਦੇ ਹਰ ਝੋਂਕੇ ਨਾਲ
ਤਿਤਲੀ ਬਦਲੇ ਆਪਣੀ ਥਾਂ
ਬੈਤਾਂ ਦੇ ਉਪਰ

ਬਾਸ਼ੋ

ਤਿਤਲੀ ਦੀ ਸਹਿਜਤਾ

ਪਿੱਛੇ ਦੌੜਨ 'ਤੇ ਵੀ
ਕਦੇ ਕਾਹਲੀ ਕਰਦੀ ਲੱਗੇ ਨਾ
ਤਿਤਲੀ....

ਗਾਰਾਕੂ

ਸੁਪਨਾ ਟੁੱਟਣ 'ਤੇ

ਸੁਪਨਾ ਟੁੱਟਣ ਤੇ

ਕਿਥੇ ਚਲੀਆਂ ਜਾਣ
ਉਹ ਤਿਤਲੀਆਂ?

ਈਚੀਮੂ

ਗਲੀ ਵਾਲੀ ਤਿਤਲੀ

ਢਲਦੇ ਸੂਰਜ ਦੀ ਲਾਲੀ ਫੈਲੀ
ਗਲੀ 'ਚ ਉਤਰੀ ਫਿਰੇ
ਤਿਤਲੀ ਇਕ ਇਕੱਲੀ

ਕੀਕਾਕੂ

ਉਹ ਇਕ ਤਿਤਲੀ

ਫੁੱਲ ਨਾਲ ਚਿੱਤ ਭਰਮਾਵੇ
ਚੰਨ ਵੇਖੇ ਭਰ ਜਾਵੇ ਵਿਸਮੈ ਨਾਲ
ਉਹ ਇਕ ਤਿਤਲੀ

ਚੋਰਾ

ਤਿਤਲੀ ਦਾ ਸਾਥ

ਮੇਰਾ ਦਿਲ ਤਾਂਘ ਰਿਹਾ
ਸਫ਼ਰ 'ਤੇ ਮੇਰੀ ਸਾਥਣ ਹੋਵੇ
ਕੋਈ ਇਕ ਤਿਤਲੀ

ਸ਼ੀਕੀ

ਸਿਖਰ 'ਤੇ ਤਿਤਲੀ

ਉੱਚੇ ਥੰਮ੍ਹ 'ਤੇ ਚੜ੍ਹਿਆ ਮੈਂ
ਉਥੇ ਐਨ ਸਿਖ਼ਰ 'ਤੇ
ਬੈਠੀ ਇਕ ਤਿਤਲੀ

ਕਯਾਸੂ

ਹੜ੍ਹ ਅਤੇ ਛਰਨਾ

ਹੜ੍ਹ ਵਿਚ ਪੂਰੇ ਜ਼ੋਰ ਨਾਲ
ਪੈਰ ਜਮਾ ਕੇ ਹੈ ਖੜਾ
ਉਹ ਡਰਨਾ

ਸ਼ੀਕੀ

ਡਰਨਾ ਤੇ ਸੰਸਾਰ

ਡਰਨੇ ਕੋਲ ਵੀ

ਅੱਖਾਂ ਤੇ ਨੱਕ
ਇਸ ਛਿਣ-ਭੰਗਰ ਸੰਸਾਰ ਵਿਚ

ਸ਼ੀਕੀ

ਬੇਬਸੀ ਡਰਨੇ ਦੀ

ਗਿਰ ਗਿਆ ਉਸ ਦਾ ਟੋਪ
ਵਰ੍ਹੇ ਮੀਂਹ ਬੇਰਹਿਮ
ਉਸ ਡਰਨੇ ਦੇ ਸਿਰ ਉਪਰ

ਹਾਗੀ ਜੋ

ਸਜੇ ਡਰਨੇ

ਪੱਤਝੜ ਗਹਿਰੀ ਹੋ ਰਹੀ
ਝੜੇ ਪੱਤਿਆਂ ਨਾਲ ਸਜੇ
ਉਹ ਡਰਨੇ

ਓਤਸੁਜੋ

ਡਰਨੇ ਦੇ ਕੁੜਤੇ ਹੇਠ

ਪੱਤਝੜ ਦੀ ਇਕੱਲਤਾ
ਸ਼ਾਮ ਪਈ ਇਕ ਟਿੱਡੀ ਕੁਰਲਾਵੇ
ਉਸਡਰਨੇ ਦੇ ਫਟੇ-ਪੁਰਾਣੇ ਕੁੜਤੇ ਹੇਠ

ਚੀਗੇਤਸੁ

ਨਾਲ ਤੁਰੇ ਡਰਨਾ

ਦੂਰ ਖੜ੍ਹਿਆ ਡਰਨਾ
ਮੈਂ ਜਦ ਵੀ ਪੈਰ ਪੁੱਟਾਂ
ਮੇਰੇ ਨਲ ਨਾਲ ਤੁਰੇ

ਬਾਸ਼ੋ

ਅਲਵਿਦਾ ਡਰਨੇ

ਮਿੱਤਰਤਾ ਸੀ ਸਾਡੇ ਵਿਚਕਾਰ
ਪਰ ਹੁਣ ਵਿਛੜਣ ਦਾ ਵਕਤ
ਆ ਗਿਐ ਓ! ਡਰਨੇ!

ਈਜ਼ੇਨ

ਪਿੱਛੇ ਰਹਿ ਗਿਆ ਡਰਨਾ

ਫਸਲ ਢੋਣ ਵਾਲੀ

ਕਿਸ਼ਤੀ 'ਚ ਚੜ੍ਹਨੋ ਰਹਿ ਗਿਆ
ਉਹ ਡਰਨਾ

ਸ਼ਹਿਜਾਕੁ

ਡਰਨਾ ਤੇ ਚਿੜੀਆਂ

ਆਦਰਯੋਗ ਚਿੜੀਓ
ਇਹ ਢਰਨਾ ਹੁਣ
ਹੋ ਰਿਹਾ ਮੁਖਾਤਿਬ ਤੁਹਾਨੂੰ

ਸੋਸੈਕੀ

ਕਾਵਾਂ ਦਾ ਟਿਕਾਣਾ

ਪਾਲੇ ਦਾ ਮੌਸਮ ਆ ਗਿਆ
ਕਾਵਾਂ ਦਾ ਟਿਕਾਣਾ ਬਣਿਆ
ਉਹ ਡਰਨਾ

ਕੀਕਾਕੁ

ਪਹਿਲੇ ਦਿਨ ਤੋਂ ਹੀ

ਪਹਿਲੇ ਦਿਨ ਤੋਂ ਹੀ
ਪ੍ਰਾਚੀਨ-ਕਾਲੀ ਲੱਗੇ
ਇਹ ਡਰਨਾ

ਨਯੋਫੂ

ਅਜੀਬ ਹੈ ਇਹ ਡਰਨਾ!

ਪੈਰਾਂ ਦੇ ਕੋਲ
ਚੋਰੀ ਹੋ ਰਹੇ ਦਾਣੇ
ਅਜੀਬ ਹੈ ਇਹ ਡਰਨਾ

ਯਾਯੂ

ਡਰਨਾ ਅਤੇ ਪਾਲਾ

ਪੱਤਝੜ ਦੀ ਹਵਾ
ਹੱਡੀਆਂ ਤਕ ਨੂੰ ਠਾਰ ਰਹੀ
ਉਸ ਡਰਨੇ ਦੀਆਂ

ਚੋਈ

ਡਰਨੇ ਦਾ ਤੀਰ

ਦਿਸ਼ਾ ਬਦਲ ਗਈ

ਸਵੇਰ ਵਾਲੀ ਪੌਣ ਨਾਲ
ਡਰਨੇ ਦੇ ਤੀਰ ਦੀ

ਸ਼ੋਹਾ

ਹੋਰ ਦੇ ਖੇਤਾਂ ਵੱਲ

ਕਿਸੇ ਹੋਰ ਦੇ ਖੇਤਾਂ ਵੱਲ
ਤਾਣੀ ਖੜ੍ਹਾ ਆਪਣੇ ਤੀਰ
ਉਹ ਡਰਨਾ

ਸੇਤਸੁਗਯੋ

ਗ਼ੈਰਤਮੰਦ ਡਰਨਾ

ਰਾਜੇ ਸਾਹਮਣੇ ਵੀ
ਉਤਾਰੇ ਨਾ ਆਪਣਾ ਟੋਪ
ਉਹ ਡਰਨਾ

ਦਾਨਸੁਈ

ਬੇਲਾਗ ਡਰਨਾ

ਡੱਬਦੇ ਸੂਰਜ ਦੀ ਲਾਲੀ
ਤੋਂ ਵੀ ਹੈ ਬੇਲਾਗ
ਉਹ ਡਰਨਾ

ਸ਼ੀਰਾਓ

ਬੰਦਿਆਂ ਵਰਗਾ ਲੱਗੇ

ਵਖਰਾ ਪੈਣ 'ਤੇ
ਬੰਦਿਅ ਵਰਗਾ ਲੱਗੇ
ਉਹ ਡਰਨਾ

ਸੇਈਬੀ

ਝੱਖੜ ਮੁਹਰੇ ਡਰਨਾ

ਸਭ ਤੋਂ ਪਹਿਲਾਂ
ਉਡਾ ਕੇ ਲੈ ਗਿਆ ਝੱਖੜ
ਉਸ ਡਰਨੇ ਨੂੰ

ਕਯੋਰੋਕੁ

ਝੱਖੜ ਅਤੇ ਡਰਨਾ

ਉੱਡ ਗਿਆ ਸਿਧਾ ਹੋ ਗਿਆ

ਮੁੜ ਉੱਡ ਗਿਆ
ਉਹ ਡਰਨਾ

ਤਾਈਗੀ

ਕੌਣ ਡਿੱਗਿਆ

ਠਾਹ!ਦੀ ਅਵਾਜ਼
ਕੌਣ ਡਿੱਗਿਆ ਹੈ?
ਡਰਨਾ!

ਬੋਨਚੋ

ਡਰਨਾ ਅਤੇ ਸ਼ਾਮ

ਢਲਦਾ ਸੂਰਜ
ਵਿਛ ਰਿਹਾ ਡਰਨੇ ਦਾ ਪਰਛਾਵਾਂ
ਇਕ ਇਕੱਲੀ ਪਗਡੰਡੀ ਵੱਲ

ਸ਼ੋਹਾ

ਜਾਗ ਰਿਹਾ ਡਰਨਾ

ਚੜ੍ਹਦੇ ਸੂਰਜ ਦੀ ਲਾਲੀ
ਫੁੱਲ ਖਿੜੇ
ਜਾਗ ਰਹੇ ਕੁੱਕੜ ਤੇ ਡਰਨੇ

ਕੀਕਾਕੂ

ਡਰਨੇ ਦੇ ਤੀਰ

ਡਰਨੇ ਦੇ ਅਯਸੇਧੇ ਤੀਰ ਨਾਲ
ਡਰ ਡਰ ਚਿੜੀਆਂ
ਗਿਰ ਰਹੀਆਂ ਸਾਗਰ ਵੱਲ

ਸ਼ੀਕੀ

ਆਖਰੀ ਟਿਕਾਣਾ

ਪਾਣੀ ਗਰਮ ਕਰਨ ਵਾਲੇ
ਪਤੀਲੇ ਹੇਠ ਹੈ ਆਖਰੀ ਟਿਕਾਣਾ
ਉਸ ਡਰਨੇ ਦਾ

ਜੋਸੋ

ਡਰਨੇ ਦਾ ਟੋਪ

ਡਰਨੇ ਦਾ ਮੈਂ
ਚੋਰੀ ਕਰਿਆ ਟੋਪ
ਕਿੰਨੀ ਤਜ਼ਿ ਵਾਛੜ

ਕਯੋਸ਼ੀ

ਧੁੰਨ ਤੇ ਚਾਨਣੀ

ਸਫ਼ੇਦ ਟਹਿਣੀਆਂ 'ਤੇ
ਚਮਕਦੀ ਹੈ ਚਾਨਣੀ , ਪਰ
ਚਰਾਂਦਾਂ 'ਚ ਹਾਲੇ ਫੈਲੀ ਹੈ ਧੁੰਦ

ਸ਼ੂਓਸ਼ੀ ਮੀਜ਼ੂਹਾਰਾ

ਫੁੱਲਾਂ ਸਾਹਮਣੇ

ਮੇਰੀ ਹੋਂਦ
ਗੁਲਦਾਉਦੀ ਦੇ ਫੁੱਲਾਂ ਸਾਹਮਣੇ ਆ ਕੇ
ਖਾਮੋਸ਼ੀ ਵਿਚ ਬਦਲ ਜਾਂਦੀ ਹੈ

ਸ਼ੂਓਸ਼ੀ ਮੀਜ਼ੂਹਾਰਾ

ਟਿੱਡਾ ਤੇ ਧੁੰਨ

ਕਿੰਨਾ ਬੋਝਲ ਲਗਦਾ ਹੋਵੇਗਾ
ਘਾਹ ਦੇ ਟਿੱਡੇ ਨੂੰ ਇਹ ਜੀਵਨ
ਚਾਰ ਚੁਫ਼ੇਰੇ ਪੱਸਰੀ ਧੁੰਦ ਦੇਖ ਕੇ

ਕੀਯੋਕੋ ਤਸੂਦਾ

ਕੀੜੀ ਮਾਰਨ ਸਮੇਂ

ਇਕ ਕੀੜੀ ਨੂੰ ਮਾਰਨ ਸਮੇਂ
ਮੈਨੂੰ ਦੇਖ ਰਹੇ ਸਨ
ਮੇਰੇ ਤਿੰਨੋ ਬੱਚੇ

ਸ਼ੂਸੋਨ ਕਾਤੋ

ਬਹਾਰ

ਬਦਲਣ ਦੀ ਕੋਸ਼ਿਸ਼ ਕਰਦੀ ਹਾਂ
ਲਿਪਸਟਿਕ ਦਾ ਇਕ ਹੋਰ ਰੰਗ
ਬਹਾਰ ਦੀ ਵਰਖਾ ਹੈ

ਇੱਕੂਯੋ ਯੋਸ਼ੀਮੂਰਾ

ਵਿਭਿੰਨਤਾ

ਦੋ ਜੰਗਲੀ ਫੁੱਲ

ਉੱਗ ਰਹੇ ਨੇ ਨਾਲੋ- ਨਾਲ
ਦੋ ਵੱਖਰੀਆਂ ਮਹਿਕਾਂ ਫੈਲ ਰਹੀਆਂ
ਕੇਈਓ ਇਤੋ

ਦੂਰ ਤੋਂ ਦੇਖਿਆਂ

ਹਰ ਮਨ ਵਿਚ
ਆਤਿਸ਼ਬਾਜ਼ੀ ਚਲਦੀ ਨਜ਼ਰ ਆਵੇ
ਦੂਰ ਤੋਂ ਦੇਖਿਆਂ
ਕੋਕੋ ਕਾਤੋ

ਬੱਦਲ

ਫੁੱਲਾਂ ਦੇ ਵਿਸ਼ਾਲ ਮੈਦਾਨ 'ਚੋਂ
ਬੱਦਲ ਦਾ ਜਹਾਜ਼ ਲੰਘ ਰਿਹਾ
ਹੌਲੀ ਹੌਲੀ
ਕੋਕੋ ਕਾਤੋ

ਪੱਤਝੜ

ਪੱਤਝੜ ਦੇ ਅਸਮਾਨ ਹੇਠ
ਰਹਿ ਗਏ ਨੇ ਜੰਗਲੀ ਫੁੱਲ
ਖੜ ਗਈਆਂ ਪੱਤੀਆਂ ਸੰਗ
ਕਯੋਸ਼ੀ ਤਾਕਾਹਾਮਾ

ਉਜੜਿਆ ਮੰਦਰ

ਉਸ ਉਕੜੇ ਮੰਦਰ ਉਪਰ
ਜਿਸ 'ਚ ਮੈਂ ਕਦੇ ਰਹਿਣਾ ਲੋਚਦਾ ਸੀ
ਹੁਣ ਚੰਦ ਨਜ਼ਰ ਆ ਰਿਹਾ
ਕਯੋਸ਼ੀ ਤਾਕਾਹਾਮਾ

ਅਲਵਿਦਾ

ਆਪਣੀਆਂ ਜੇਬਾਂ 'ਚੋਂ
ਹੱਥ ਬਾਹਰ ਕੱਢ
ਇਹ ਵਿਦਾ ਹੋਣ ਦਾ ਵਕਤ ਹੈ
ਸ਼ਿਨਕੋ ਤੋਕੀਸ਼ਾਨੇ

ਮੁਹੱਬਤ

ਕਬਰਾਂ ਦੇ ਥੱਲੇ ਪਏ

ਉਸ ਬੰਦੇ ਦੇ ਨਾਲ
ਸੌਣਾ ਚਾਹੁੰਦੀ ਹਾਂ ਮੈਂ
ਸ਼ਿਨਕੋ ਤੋਕੀਜ਼ਾਨੇ

ਚਿਹਰੇ

ਸਰਦੀ ਰੁੱਤ ਨਦੀ 'ਚ ਫੜ੍ਹੀ ਗਈ
ਮੱਛੀ ਦੇ ਚਿਹਰੇ 'ਤੇ
ਝਲਕਦੀ ਹੈ ਪ੍ਰਾਚੀਨਤਾ
ਕੀਮੀਕੋ ਇਤਾਮੀ

ਵਰਖਾ ਤੇ ਸੋਚ

ਵਰਖਾ ਪੈ ਰਹੀ ਹੈ
ਸਫ਼ੇਦੇ ਦੇ ਬਿਰਖ਼ 'ਤੇ
ਕਿਸੇ ਅਮੁੱਕ ਸੋਚ ਵਾਂਗ
ਕੀਮੀਕੋ ਇਤਾਮੀ

ਬਰਸਾਤ

ਦੁਖਦਾਈ ਹੈ
ਛਾਤੀਆਂ ਲਈ
ਲੰਬੀ ਬਰਸਾਤ ਦਾ ਮੌਸਮ
ਨੋਬੂਕੋ ਕਾਤਸੂਰਾ

ਰੂਹਾਂ

ਮੇਰੀ ਮਾਂ ਦੀ ਰੂਹ
ਖਿੜ ਰਹੇ ਫੁੱਲ ਮਾਣਨ ਲਈ
ਮੁੜ ਆਉਂਦੀ ਹੈ ਰਾਤ ਸਮੇਂ
ਨੋਬੂਕੋ ਕਾਸੂਰਾ

ਖੁਸ਼ਕ ਜੰਗਲ

ਪਾਲੇ ਮਰੇ ਖੁਸ਼ਕ ਜੰਗਲ ਵਿਚ
ਬਿਨਾਂ ਰਹਹ ਭੁੱਲੇ, ਦੌੜਾਅ ਰਿਹਾ
ਇਕ ਘੋੜ ਸਵਾਰ
ਨੋਬੂਕੋ ਕਾਤਸੂਰਾ

ਪੱਤਝੜ 'ਚ

ਰੂਹ ਤੇ ਛਾਤੀਆਂ ਨੂੰ

ਮਹਿਸੂਸ ਕਰਾਂ ਆਪਣੇ ਹੱਥਾਂ 'ਚ
ਪੱਤਝੜ ਦਾ ਮੌਸਮ ਹੈ
ਕੀਯੋਕੋ ਊਦਾ

ਦੁਪਹਿਰ

ਕਮਲ ਦੇ ਫੁੱਲ ਲਈ
ਇਕ ਆਦਮੀ ਤੇ ਇਕ ਔਰਤ ਲਈ
ਕਿੰਨੀ ਲੰਬੀ ਹੈ ਇਹ ਦੁਪਹਿਰ
ਕੀਯੋਕੋ ਊਦਾ

ਇਕ ਬਾਪ

ਆਪਣੇ ਪੁੱਤਰ ਤੋਂ ਵਿਛੜ ਕੇ
ਧੁੱਪ ਤੋਂ ਬਚਣ ਲਈ ਟੋਪੀ ਪਹਿਨੀ
ਤੁਰ ਪਿਆ ਹੈ, ਖਾਮੋਸ਼, ਇਕ ਬਾਪ
ਕੀਯੋਕੋ ਊਦਾ